ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 17 * Issue 234
Daily Newspaper Wednesday, December 05, 2018
Tel: 905-793-2202 Fax: 905-793-2282 news@punjabipost.ca



Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2



ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮਕੌੜਿਆਂ ਤੋਂ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME · AUTO · BUSINESS · TRUCKING · R.E.S.P · COMMERCIAL
CONNEX Insurance Brokers Ltd.
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga
Aaxel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Law Office of Aman Sharma
Real Estate · Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke


## ਬਰੈਂਪਟਨ ਦੇ ਨਵੇਂ ਮੇਅਰ ਪੈਟ੍ਰਿਕ ਬ੍ਰਾਊਨ ਤੇ ਕਾਊਂਸਲਰਜ਼ ਨੇ ਸਹੁੰ ਚੁੱਕੀ



ਬਰੈਂਪਟਨ, 4 ਦਸੰਬਰ (ਪੋਸਟ ਬਿਊਰੋ) : ਸਿਟੀ ਆਫ ਬਰੈਂਪਟਨ ਕੋਲ ਹੁਣ 2018-22 ਲਈ ਰਸਮੀ ਤੌਰ ਉੱਤੇ ਨਵੀਂ ਕਾਉਂਸਲ ਹੈ।

ਸੋਮਵਾਰ ਰਾਤ ਨੂੰ ਸੈਂਕੜੇ ਬਰੈਂਪਟਨ ਵਾਸੀ ਰੋਜ਼ ਥਿਏਟਰ ਵਿੱਚ ਸਿਟੀ ਕਲਰਕ ਪੀਅਰ ਫੇਅ ਨੂੰ ਸਹੁ ਚੁੱਕਦਾ ਵੇਖਣ ਲਈ ਇੱਕਠੇ ਹੋਏ। ਇਹ ਸਹੁ ਚੁੱਕ ਸਮਾਗਮ ਘੰਟਾ ਭਰ ਚੱਲਿਆ। 22 ਅਕਤੂਬਰ ਨੂੰ ਹੋਈਆਂ ਚੋਣਾਂ ਦੌਰਾਨ ਬਰੈਂਪਟਨ ਦੇ ਵੋਟਰਾਂ ਨੇ ਕਾਉਂਸਲ ਦੇ ਪੰਜ ਨਵੇਂ ਮੈਂਬਰਾਂ ਨੂੰ ਚੁਣਿਆ। ਇਨ੍ਹਾਂ ਵਿੱਚ ਮੇਅਰ ਪੈਟ੍ਰਿਕ ਬ੍ਰਾਊਨ ਵੀ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਵਾਰਡਜ਼ 1 ਤੇ 5 ਤੋਂ ਸਿਟੀ ਕਾਉਂਸਲਰ ਰੋਵੇਨਾ ਸੈਂਟੋਸ ਤੇ ਰੀਜਨਲ ਕਾਉਂਸਲਰ ਪਾਲ ਵਿਸੈਂਟ, ਵਾਰਡ 7 ਤੇ 8 ਤੋਂ ਸਿਟੀ ਕਾਉਂਸਲਰ ਚਾਰਮੇਨ ਵਿਲੀਅਮਜ਼ ਅਤੇ ਵਾਰਡ 9 ਤੇ 10 ਤੋਂ ਸਿਟੀ ਕਾਉਂਸਲਰ ਹਰਕੀਰਤ ਸਿੰਘ ਦੀ ਚੋਣ ਕੀਤੀ ਗਈ।

...ਬਾਕੀ ਪੰਨਾ 6 ’ਤੇ

## ਓਪੀਪੀ ਕਮਿਸ਼ਨਰ ਵਜੋਂ ਪਰਿਵਾਰਕ ਮਿੱਤਰ ਨੂੰ ਚੁਣਨ ਵਿੱਚ ਕੋਈ ਭੂਮਿਕਾ ਨਹੀਂ ਨਿਭਾਈ : ਫੋਰਡ





ਟੋਰਾਂਟੋ,4 ਦਸੰਬਰ (ਪੋਸਟ ਬਿਊਰੋ) : ਪਰਿਵਾਰਕ ਮਿੱਤਰ ਵੱਲੋਂ ਮੰਗਲਵਾਰ ਨੂੰ ਨਵੇਂ ਪ੍ਰੋਵਿੰਸ਼ੀਅਲ ਪੁਲਿਸ ਕਮਿਸ਼ਨਰ ਦਾ ਅਹੁਦਾ ਸਾਂਭੇ ਜਾਣ ਤੋਂ ਬਾਅਦ ਡੱਗ ਫੋਰਡ ਨੇ ਆਖਿਆ ਕਿ ਇਸ ਨਿਯੁਕਤੀ ਵਿੱਚ ਉਨ੍ਹਾਂ ਦਾ ਕੋਈ ਹੱਥ ਨਹੀਂ ਹੈ। ਦੂਜੇ ਪਾਸੇ ਆਲੋਚਕਾਂ ਵੱਲੋਂ ਇਹ ਦੋਸ਼ ਲਾਇਆ ਜਾ ਰਿਹਾ ਹੈ ਕਿ ਪ੍ਰੀਮੀਅਰ ਆਪਣੇ ਰਿਸ਼ਤੇਦਾਰਾਂ ਤੇ ਖਾਸਮਖਾਸ ਲੋਕਾਂ ਨੂੰ ਅਹਿਮ ਅਹੁਦਿਆਂ ਦੇ ਗੱਫੇ ਦੇ ਰਹੇ ਹਨ।

ਰੋਨਾਲਡ ਟੈਵਰਨਰ ਦੀ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਕਮਿਸ਼ਨਰ ਵਜੋਂ ਨਿਯੁਕਤੀ ਤੋਂ ਬਾਅਦ ਉਨ੍ਹਾਂ ਦੀ ਚੋਣ ਦੇ ਮਾਮਲੇ ਦੀ ਜਾਂਚ ਕਰਵਾਏ ਜਾਣ ਦੀ ਮੰਗ ਜ਼ੋਰ ਫੜ੍ਹਨ ਲੱਗੀ ਹੈ। ਇਹ ਮੰਗ ਇਸ ਲਈ ਵੀ ਕੀਤੀ ਜਾ ਰਹੀ ਹੈ ਕਿਉਂਕਿ ਸਰਕਾਰ ਨੇ ਇਸ ਨੌਕਰੀ ਸਬੰਧੀ ਯੋਗਤਾ ਇਹ ਆਖ ਕੇ ਘਟਾ ਦਿੱਤੀ ਸੀ ਕਿ ਬਿਨੈਕਾਰਾਂ ਦੇ ਪੂਲ ਨੂੰ ਵੱਡਾ ਕੀਤਾ ਜਾ ਸਕੇ। ਇੱਥੇ ਦੱਸਣਾ ਬਣਦਾ ਹੈ ਕਿ ਕਈ ਸਾਲਾਂ ਤੋਂ ਫੋਰਡ ਦਾ ਪਰਿਵਾਰ 72 ਸਾਲਾ ਟੈਵਰਨਰ ਦੇ ਕਾਫੀ ਨੇੜੇ ਹੈ। ਪਰ ਫੋਰਡ ਨੇ ਇਸ ਨਿਯੁਕਤੀ ਵਿੱਚ ਕਿਸੇ ਕਿਸਮ ਦੀ ਭੂਮਿਕਾ ਤੋਂ ਇਨਕਾਰ ਕੀਤਾ ਹੈ ਤੇ ਉਨ੍ਹਾਂ ਦਾ ਦਾਅਵਾ ਹੈ ਕਿ ਇਹ ਨਿਯੁਕਤੀ ਬਿਲਕੁਲ ਪਾਰਦਰਸ਼ੀ ਢੰਗ ਨਾਲ ਹੋਈ ਹੈ।

ਉਨ੍ਹਾਂ ਵਿਧਾਨਸਭਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਉਨ੍ਹਾਂ ਹਾਇਰਿੰਗ ਪੈਨਲ ਨੂੰ ਪਹਿਲਾਂ ਹੀ ਇਹ ਸਪਸ਼ਟ ਕਰ ਦਿੱਤਾ ਸੀ ਕਿ ਇਸ ਸੱਭ ਕਾਸੇ ਨਾਲ ਉਨ੍ਹਾਂ ਦਾ ਕੋਈ ਲੈਣਾ ਦੇਣਾ ਨਹੀਂ ਹੈ।

...ਬਾਕੀ ਪੰਨਾ 6 ’ਤੇ

## ਹੁਣ ਕਾਨੂੰਨ ਦੀ ਨਜ਼ਰ ਤੋਂ ਬਚ ਨਹੀਂ ਸਕੇਗਾ ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲਾ ਕੋਈ ਵੀ ਸ਼ਖ਼ਸ



ਓਟਵਾ, 4 ਦਸੰਬਰ (ਪੋਸਟ ਬਿਊਰੋ) : ਸ਼ਰਾਬ ਪੀਣ ਤੋਂ ਬਾਅਦ ਡਰਾਈਵਿੰਗ ਕਰਦੇ ਹੋਏ ਫੜ੍ਹੇ ਜਾਣ ਉੱਤੇ ਤੁਹਾਨੂੰ ਨਵੇਂ ਫੈਡਰਲ ਨਿਯਮਾਂ ਤਹਿਤ ਜੁਰਮਾਨਾਂ ਜਾਂ ਸਜ਼ਾ ਹੋਵੇਗੀ। ਛੁੱਟੀਆਂ ਵਾਲੇ ਸੀਜ਼ਨ ਨੂੰ ਧਿਆਨ ਵਿੱਚ ਰੱਖਕੇ ਬਣਾਏ ਗਏ ਇਹ ਨਿਯਮ ਅਗਲੇ ਦੋ ਹਫਤਿਆਂ ਵਿੱਚ ਲਾਗੂ ਹੋ ਜਾਣਗੇ।

ਬਾਰਡਰ ਸਕਿਊਰਿਟੀ ਐਂਡ ਆਰਗੇਨਾਈਜ਼ਡ ਕ੍ਰਾਈਮ ਰਿਡਕਸ਼ਨ ਮੰਤਰੀ ਬਿੱਲ ਬਲੇਅਰ ਨੇ ਮੰਗਲਵਾਰ ਨੂੰ ਪਾਰਲੀਆਮੈਂਟ ਹਿੱਲ ਉੱਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਹੁਣ ਸ਼ਰਾਬ ਪੀ ਕੇ ਗੱਡੀ ਚਲਾਉਣ ਦੀ ਸੰਭਾਵਨਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਵੱਧ ਜਾਵੇਗੀ। ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲੇ ਨਿਯਮਾਂ ਵਿੱਚ ਤਬਦੀਲੀਆਂ ਜੂਨ ਵਿੱਚ ਬਿੱਲ ਸੀ-46 ਦੇ ਹਿੱਸੇ ਵਜੋਂ ਪਾਸ ਕੀਤੀਆਂ ਗਈਆਂ। ਇਹ ਨਸ਼ਿਆਂ ਦੇ ਪ੍ਰਭਾਵ ਵਿੱਚ ਗੱਡੀ ਚਲਾਉਣ ਸਬੰਧੀ ਬਿੱਲ ਸੀ ਜਿਹੜਾ ਇਤਫਾਕਨ ਮੈਰੀਜੁਆਨਾ ਦੇ ਕਾਨੂੰਨੀਕਰਨ ਤੋਂ ਬਾਅਦ ਲਿਆਂਦੇ ਕਾਨੂੰਨ ਦੌਰਾਨ ਆਇਆ।

...ਬਾਕੀ ਪੰਨਾ 6 ’ਤੇ

## ਅਲਬਰਟਾ ਵੱਲੋਂ ਤੇਲ ਉਤਪਾਦਨ ਵਿੱਚ ਕਟੌਤੀ ਦਾ ਐਲਾਨ



ਅਲਬਰਟਾ, 4 ਦਸੰਬਰ (ਪੋਸਟ ਬਿਊਰੋ) : ਅਲਬਰਟਾ ਦੀ ਪ੍ਰੀਮੀਅਰ ਰੇਚਲ ਨੌਟਲੇ ਦਾ ਕਹਿਣਾ ਹੈ ਕਿ ਪ੍ਰੋਵਿੰਸ਼ੀਅਲ ਤੇਲ ਉਤਪਾਦਨ ਵਿੱਚ ਕਟੌਤੀ ਨਾਲ ਪ੍ਰੋਵਿੰਸ ਦਾ ਆਰਥਿਕ ਸੰਕਟ ਤਾਂ ਹੱਲ ਹੋ ਜਾਵੇਗਾ ਪਰ ਉਨ੍ਹਾਂ ਆਖਿਆ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਨੂੰ ਵੀ ਸਕਾਰਾਤਮਕ ਕਦਮ ਚੁੱਕਣੇ ਹੋਣਗੇ।

ਨੌਟਲੇ ਨੇ ਸੋਮਵਾਰ ਨੂੰ ਆਖਿਆ ਕਿ ਪ੍ਰੋਵਿੰਸ 1980 ਤੋਂ ਬਾਅਦ ਪਹਿਲੀ ਵਾਰੀ ਤੇਲ ਦੇ ਉਤਪਾਦਨ ਵਿੱਚ ਪ੍ਰਤੀ ਦਿਨ 325,000 ਬੈਰਲ ਤੱਕ ਕਟੌਤੀ ਕਰ ਰਹੀ ਹੈ। ਇਸ ਪਿੱਛੇ ਟੀਚਾ ਅਲਬਰਟਾ ਦੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਕਰਨਾ ਹੈ। ਇਹ ਤੇਲ ਇਸ ਸਮੇਂ ਐਨੀਆਂ ਘੱਟ ਕੀਮਤਾਂ ਉੱਤੇ ਵਿਕ ਰਿਹਾ ਹੈ ਜਿਸ ਕਾਰਨ ਪ੍ਰੋਵਿੰਸ ਨੂੰ ਰੋਜ਼ਾਨਾ 80 ਮਿਲੀਅਨ ਡਾਲਰ ਦਾ ਘਾਟਾ ਪੈ ਰਿਹਾ ਹੈ। ਨੌਟਲੇ ਨੇ ਆਖਿਆ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਹ ਕਟੌਤੀਆਂ ਇਸ ਲਈ ਵੀ ਜ਼ਰੂਰੀ ਹਨ ਕਿਉਂਕਿ ਇਸ ਸਮੇਂ 35 ਮਿਲੀਅਨ ਬੈਰਲ ਤੇਲ ਸਟੋਰੇਜ ਵਿੱਚ ਪਿਆ ਹੈ

...ਬਾਕੀ ਪੰਨਾ 6 ’ਤੇ

### ਅੰਦਰ ਪੜ੍ਹੋ

ਗਰੌਸਰੀ ਲਈ ਅਦਾ ਕਰਨੇ ਹੋਣਗੇ 400 ਡਾਲਰ ਵੱਧ



ਪੰਨਾ 3

ਬੀਬੀ ਜਗੀਰ ਕੌਰ ਧੀ ਦੇ ਕਤਲ ਦੇ ਦੋਸ਼ਾਂ ਤੋਂ ਬਰੀ



ਪੰਨਾ 4


Best Insurance Rates
Auto · Home · Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Aaxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator
647.990.3205

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫ਼ਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਮਿਰਦਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

MANN LAW FIRM
Real Estate Law · Business Law
Wills & Estates · Family Law
Power of Attorney · Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

FREE Examination 5yrs follow you up Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
Immigration · Real Estate
Family Law · Business Closing
Corporate · Wills & Estate
Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੰਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟਾਰਨੀ, ਹਲਫ਼ੀਆ ਬਿਆਨ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
Protect yourself & your family from the Pests
Ants, Bees, Bed Bugs, Beetles, Racoons, Cockroaches, Centipedes, Flea, Hornets, Squirrel, Rats & Mice, Silverfish, Spiders
100% removal of all pests written Guarantee
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# ASIAN FOOD CENTRE



## SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



# NEED A LAWYER ??

Red Seal NOTARY

# KAUR LAW OFFICE



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

## ਮੂੰਹੋ ਬੋਲਦੀ ਦੀ Kitchen and Washroom ਬਣਵਾਓ

# Pearson Kitchen & Cabinet

Free Estimate
We Specialize in granite, quartz & marble countertops

100% Satisfaction On Time

## We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ

Call **Vikramjit Sangha: 416-200-0931**

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

# Dr. Randhawa Dentistry

*Your own dentist who really cares for you*

**We Provide the following Services:**
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**Dr. Samreet Kaur Randhawa**
General Family Dentist

New Patients welcome
Deal Directly with all Insurance Companies

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!

**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111




SimConnect FREIGHT MANAGEMENT

# HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

Owner Operator up to 1.65 Per miles

Company Drivers :
Solo/Team : upto .65 Cents Per Mile



Sim Connect Freight Management

24 Hrs Dispatch

Ph: (905)915-1805/(905)799-8822

3380 Airway Dr Mississauga Ontario L4T1V3

## ਅੱਜ ਨਾਮਾ >>

ਫਿਰਕੂ ਦੰਗੇ ਵਿੱਚ ਫਸੀ ਪਈ ਫੇਰ ਯੂ ਪੀ,
ਅਫਸਰ ਪੁਲਸ ਦਾ ਦਿੱਤਾ ਹੈ ਮਾਰ ਭਾਈ।
ਮਰ ਗਈ ਗਊ ਤੇ ਪਿਆ ਚੁਤਰਫ ਰੱਫੜ,
ਆਈ ਨਜ਼ਰ ਨਹੀਂ ਕਿਤੇ ਸਰਕਾਰ ਭਾਈ।
ਭੜਕਦੀ ਭੀੜ ਜਾ ਪਈ ਸੀ ਪੁਲਸੀਆਂ ਨੂੰ,
ਕਰਦੀ ਨਾਅਰਿਆਂ ਦੀ ਜੈ-ਜੈ ਕਾਰ ਭਾਈ।
ਛੱਡ ਕੇ ਸਾਰੇ ਸਨ ਭੱਜ ਗਏ ਪੁਲਸ ਵਾਲੇ,
ਡਟਿਆ ਰਹਿ ਗਿਆ ਸੀ ਥਾਣੇਦਾਰ ਭਾਈ।
ਉਸ ਦੇ ਪਿਤਾ ਸੀ ਪੁਲਸ ਲਈ ਜਾਨ ਦਿੱਤੀ,
ਉਹ ਵੀ ਦੇ ਗਿਆ ਫਰਜ਼ ਲਈ ਜਾਨ ਭਾਈ।
ਦਿੱਤੀ ਜਿਹੜੀ ਸਰਕਾਰ ਲਈ ਜਾਨ ਉਹਨੇ,
ਸਿਆਸੀ ਖੇਡਾਂ ਵਿੱਚ ਅਜੇ ਗਲਤਾਨ ਭਾਈ।

ਤੀਸ ਮਾਰ ਖਾਂ

# ਅਗਲੇ ਸਾਲ ਔਸਤਨ ਕੈਨੇਡੀਅਨ ਪਰਿਵਾਰ ਨੂੰ ਗਰੌਸਰੀ ਲਈ ਅਦਾ ਕਰਨੇ ਹੋਣਗੇ 400 ਡਾਲਰ ਵੱਧ

ਗਿਊਲੇਫ, 4 ਦਸੰਬਰ (ਪੋਸਟ ਬਿਊਰੋ) : ਸਾਲਾਨਾ ਫੂਡ ਪ੍ਰਾਈਸ ਰਿਪੋਰਟ ਵਿੱਚ ਕੀਤੀ ਗਈ ਪੇਸ਼ੀਨਿਗੋਈ ਅਨੁਸਾਰ ਔਸਤਨ ਕੈਨੇਡੀਅਨ ਪਰਿਵਾਰ ਨੂੰ ਅਗਲੇ ਸਾਲ ਗਰੌਸਰੀ ਲਈ 400 ਡਾਲਰ ਤੇ ਬਾਹਰ ਖਾਣਾ ਖਾਣ ਲਈ 150 ਡਾਲਰ ਹੋਰ ਦੇਣੇ ਪਿਆ ਕਰਨਗੇ।



ਯੂਨੀਵਰਸਿਟੀ ਆਫ ਗਿਊਲੇਫ ਤੇ ਡਲਹਾਊਜ਼ੀ ਯੂਨੀਵਰਸਿਟੀ ਦੇ ਖੋਜਕਾਰੀਆਂ ਦੀ ਇਸ ਰਿਪੋਰਟ ਅਨੁਸਾਰ 2019 ਵਿੱਚ ਖਾਣੇ ਦੀਆਂ ਕੀਮਤਾਂ ਵਿੱਚ 1.5 ਤੋਂ 3.5 ਫੀ ਸਦੀ ਦਰਮਿਆਨ ਵਾਧਾ ਹੋਵੇਗਾ। ਇਸ ਤੋਂ ਭਾਵ ਹੈ ਕਿ ਚਾਰ ਜੀਆਂ ਦੇ ਔਸਤਨ ਪਰਿਵਾਰ ਨੂੰ ਅਗਲੇ ਸਾਲ 12,157 ਡਾਲਰ ਖਰਚਣੇ ਹੋਣਗੇ ਜੋ ਕਿ 2018 ਨਾਲੋਂ 411 ਡਾਲਰ ਵੱਧ ਹੋਣਗੇ।

ਰਿਪੋਰਟ ਅਨੁਸਾਰ ਸਬਜ਼ੀਆਂ ਵਿੱਚ ਸੱਭ ਤੋਂ ਵੱਧ ਉਛਾਲ ਆਵੇਗਾ। ਇਨ੍ਹਾਂ ਵਿੱਚ ਚਾਰ ਤੇ ਛੇ ਫੀ ਸਦੀ ਵਾਧਾ ਹੋਣ ਦੀ ਸੰਭਾਵਨਾ ਹੈ। ਇਸ ਦੌਰਾਨ ਮੀਟ ਤੇ ਸੀਫੂਡ ਦੀਆਂ ਕੀਮਤਾਂ ਵਿੱਚ ਕਮੀ ਆਉਣ ਦੀ ਸੰਭਾਵਨਾ ਹੈ। ਮੀਟ ਵਾਲੀਆਂ ਵਸਤਾਂ ਇੱਕ ਤੋਂ ਤਿੰਨ ਫੀ ਸਦੀ ਤੱਕ ਘੱਟ ਸਕਦੀਆਂ ਹਨ ਤੇ ਸੀਫੂਡ ਦੀਆਂ ਕੀਮਤਾਂ ਜਾਂ ਤਾਂ ਪਹਿਲਾਂ ਵਾਂਗ ਹੀ ਬਣੀਆਂ ਰਹਿਣਗੀਆਂ ਤੇ ਜਾਂ ਫਿਰ ਇਨ੍ਹਾਂ ਵਿੱਚ ਦੋ ਫੀ ਸਦੀ ਤੱਕ ਕਮੀ ਆਵੇਗੀ।

2015 ਤੋਂ ਹੀ ਇਹ ਟੀਮ ਇਨ੍ਹਾਂ ਦੋ ਵੰਨਗੀਆਂ ਵਿੱਚ ਪੇਸ਼ੀਨਿਗੋਈ ਕਰਦੀ ਆ ਰਹੀ ਹੈ ਤੇ ਇਸ ਟੀਮ ਮੁਤਾਬਕ ਹਰ ਸਾਲ ਇਨ੍ਹਾਂ ਕੀਮਤਾਂ ਵਿੱਚ ਛੇ ਫੀ ਸਦੀ ਤੱਕ ਵਾਧਾ ਹੁੰਦਾ ਹੈ। ਇਸ ਵਿੱਚ ਕਮੀ ਆਉਣ ਦੀ ਗੱਲ ਕਰਦਿਆਂ ਖੋਜਕਾਰੀਆਂ ਵਿੱਚੋਂ ਇੱਕ ਤੇ ਡਲਹਾਊਜ਼ੀ ਯੂਨੀਵਰਸਿਟੀ ਦੇ ਪ੍ਰੋਫੈਸਰ ਸਿਲਵੇਨ ਚਾਰਲੇਬੌਇਸ ਨੇ ਆਖਿਆ ਕਿ ਸਾਡੇ ਲਈ ਇਹ ਥੋੜ੍ਹੀ ਖਤਰੇ ਵਾਲੀ ਗੱਲ ਹੈ ਤੇ ਅਸੀਂ ਕਦੇ ਅਜਿਹਾ ਕੀਤਾ ਵੀ ਨਹੀਂ ਹੈ। ਪਰ ਟੀਮ ਨੂੰ ਆਪਣੀਆਂ ਪੇਸ਼ੀਨਿਗੋਈਆਂ ਉੱਤੇ ਪੂਰਾ ਭਰੋਸਾ ਹੈ।

# ਪੈਰਾਗੌਨ ਕੋਲੀਜ਼ਨ ਦੇ ਰੁਪਿੰਦਰ ਸਿੰਘ ਦੇ ਪਿਤਾ ਸਾਧੂ ਸਿੰਘ ਚਾਹਲ ਦਾ ਦਿਹਾਂਤ

### ਅੰਤਿਮ ਸਸਕਾਰ ਅਤੇ ਭੋਗ ਵੀਰਵਾਰ ਨੂੰ



ਬਰੈਂਪਟਨ ਪੋਸਟ ਬਿਉਰੋ: ਮਿਸੀਸਾਗਾ ਸਥਿਤ ਪੈਰਾਗੋਨ ਕੋਲੀਜ਼ਨ ਦੇ ਮਾਲਕ ਰੁਪਿੰਦਰ ਸਿੰਘ ਦੇ ਪਿਤਾ ਸਾਧੂ ਸਿੰਘ ਚਾਹਲ ਦਾ 1 ਦਸੰਬਰ 2018 ਨੂੰ ਕੈਂਸਰ ਦੀ ਬਿਮਾਰੀ ਕਾਰਣ ਦਿਹਾਂਤ ਹੋ ਗਿਆ। ਉਹ 71 ਸਾਲ ਦੇ ਸਨ ਅਤੇ ਪਿਛਲੇ 2 ਸਾਲ ਤੋਂ ਬਿਮਾਰ ਚਲੇ ਆ ਰਹੇ ਸਨ। ਪੰਜਾਬ ਵਿਚ ਫਰੀਦਕੋਟ ਨਾਲ ਸਬੰਧਿਤ ਸਾਧੂ ਸਿੰਘ ਚਾਹਲ ਕਰੀਬ 20 ਸਾਲ ਤੋਂ ਕੈਨੇਡਾ ਰਹਿ ਰਹੇ ਸਨ।

ਸਾਧੂ ਸਿੰਘ ਚਾਹਲ ਦਾ ਅੰਤਮ ਸੰਸਕਾਰ 6 ਦਸੰਬਰ ਦਿਨ ਵੀਰਵਾਰ ਨੂੰ ਸਵੇਰੇ 11 ਵਜੇ ਤੋਂ ਬਾਅਦ ਦੁਪਿਹਰ 1 ਵਜੇ ਤੱਕ ਬਰੈਂਪਟਨ ਵਿਚ 30 ਬਰੈਮਵਿਨ ਕੋਰਟ ਉੱਤੇ ਸਥਿਤ ਬਰੈਂਪਟਨ ਕਰੈਮੇਟੋਰੀਅਮ ਅਤੇ ਵਿਜ਼ੀਟੇਸ਼ਨ ਸੈਂਟਰ ਵਿਖੇ ਹੋਵੇਗਾ। ਇਸ ਉਪਰੰਤ ਭੋਗ ਅਤੇ ਅੰਤਿਮ ਅਰਦਾਸ 135 ਸਨਪੈਕ ਬੁਲੇਵਾਰਡ ਬਰੈਂਪਟਨ ਉੱਤੇ ਸਥਿਤ ਸ੍ਰੀ ਗੁਰਦੁਆਰਾ ਜੋਤ ਪ੍ਰਕਾਸ਼ ਸਾਹਿਬ ਵਿਖੇ ਦੁਪਿਹਰ 2 ਵਜੇ ਤੋਂ 4 ਵਜੇ ਤੱਕ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 647-991-2023 ਜਾਂ 647-991-2033 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬੁਲੰਦ ਸ਼ਹਿਰ ਹਿੰਸਾ ਦੇ ਦੋਸ਼ ਹੇਠ 4 ਜਣੇ ਗ੍ਰਿਫ਼ਤਾਰ

### * ਹਿੰਦੂ ਕੱਟੜਪੰਥੀ ਸੰਗਠਨਾਂ ਨਾਲ ਦੋਸ਼ੀਆਂ ਦੇ ਸੰਬੰਧ ਨਿਕਲੇ

ਬੁਲੰਦ ਸ਼ਹਿਰ, 4 ਦਸੰਬਰ, (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਬੁਲੰਦ ਸ਼ਹਿਰ ਵਿੱਚ ਗਊ ਹੱਤਿਆ ਦੀ ਖਬਰ ਸੁਣ ਕੇ ਭੜਕੀ ਭੀੜ ਵਲੋਂ ਇਕ ਪੁਲੀਸ ਇੰਸਪੈਕਟਰ ਤੇ ਇਕ ਰਾਹਗੀਰ ਦੀ ਮੌਤ ਦੇ ਦੋਸ਼ ਹੇਠ ਪੁਲੀਸ ਨੇ ਅੱਜ ਚਾਰ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਵਰਨਣ ਯੋਗ ਹੈ ਕਿ ਕੱਲ੍ਹ ਦਿਨ ਦਿਹਾੜੇ ਹੋਈ ਇਸ ਹਿੰਸਾ ਵਿੱਚ ਪੁਲਸ ਇੰਸਪੈਕਟਰ ਸੁਬੋਧ ਕੁਮਾਰ ਸਿੰਘ ਅਤੇ 20 ਸਾਲ ਦੇ ਸੁਮਿਤ ਦੀ ਹੱਤਿਆ ਕਰ ਦਿੱਤੀ ਗਈ ਸੀ।



ਇਸ ਸੰਬੰਧ ਵਿੱਚ ਅੱਜ ਪੁਲੀਸ ਅਫਸਰਾਂ ਨੇ ਦੱਸਿਆ ਕਿ ਮੁਕੱਦਮੇ ਵਿਚ 27 ਜਣਿਆਂ ਦੇ ਨਾਂ ਦਰਜ ਕੀਤੇ ਹਨ, ਜਿਨ੍ਹਾਂ ਵਿੱਚੋਂ ਘੱਟੋ ਘੱਟ ਚਾਰ ਜਣੇ ਬਜਰੰਗ ਦਲ ਅਤੇ ਕੁਝ ਹੋਰ ਕੱਟੜਪੰਥੀ ਹਿੰਦੂ ਸੰਗਠਨਾਂ ਦੇ ਕਾਰਕੁਨ ਹਨ। ਮੁੱਖ ਦੋਸ਼ੀ ਬਜਰੰਗ ਦਲ ਦਾ ਜ਼ਿਲਾ ਕਨਵੀਨਰ ਯੋਗੇਸ਼ ਰਾਜ ਅਜੇ ਫ਼ਰਾਰ ਹੈ। ਐਡੀਸ਼ਨਲ ਡੀ ਜੀ ਪੀ ਲਾਅ ਐਂਡ ਆਰਡਰ ਆਨੰਦ ਕੁਮਾਰ ਨੇ ਦੱਸਿਆ ਕਿ ਸੁਬੋਧ ਕੁਮਾਰ ਸਿੰਘ ਸਿਆਨਾ ਪੁਲੀਸ ਥਾਣੇ ਵਿਚ ਤਾਇਨਾਤ ਸਨ, ਉਨ੍ਹਾਂ ਦੀ ਲਾਸ਼ ਉੱਤੇ ਮੋਟੇ ਤੇ ਭਾਰੇ ਹਥਿਆਰਾਂ ਦੀਆਂ ਸੱਟਾਂ ਦੇ ਵੀ ਨਿਸ਼ਾਨ ਸਨ। ਬੁਲੰਦ ਸ਼ਹਿਰ ਦੇ ਭਾਜਪਾ ਵਿਧਾਇਕ ਦੇਵੇਂਦਰ ਲੋਧੀ ਨੇ ਦੋਸ਼ ਲਾਇਆ ਕਿ ਜ਼ਿਲਾ ਪ੍ਰਸ਼ਾਸਨ ਤੇ ਪੁਲੀਸ ਇਸ ਕੇਸ ਨੂੰ ਠੀਕ ਤਰ੍ਹਾਂ ਸੰਭਾਲ ਨਹੀਂ ਸਕੀ। ਮੇਰਠ ਜ਼ੋਨ ਪੁਲਸ ਦੇ ਐਡੀਸ਼ਨਲ ਡੀ ਜੀ ਪ੍ਰਸ਼ਾਂਤ ਕੁਮਾਰ ਨੇ ਦੱਸਿਆ ਕਿ ਮਹਾਅ ਪਿੰਡ ਦੇ ਨੇੜੇ ਜੰਗਲ ਵਿਚ ਪਸ਼ੂਆਂ ਦੇ ਅੰਗ ਪਏ ਵੇਖ ਕੇ ਨੇੜਲੇ ਪਿੰਡਾਂ ਦੇ ਰੋਸ ਕਰਤਿਆਂ ਨੇ ਪੁਲੀਸ ਉੱਤੇ ਪੱਥਰ ਮਾਰੇ ਤੇ ਕਈ ਗੱਡੀਆਂ ਅਤੇ ਚਿੰਗਾਰਵਤੀ ਪੁਲੀਸ ਚੌਕੀ ਨੂੰ ਅੱਗ ਲਾ ਦਿੱਤੀ। ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਇਕ ਵੀਡਿਓ ਵਿਚ ਇਕ ਗੱਡੀ ਤੋਂ ਬਾਹਰ ਲਟਕੀ ਪੁਲੀਸ ਅਫ਼ਸਰ ਦੀ ਲਾਸ਼ ਕੋਲ ਕੁਝ ਲੋਕ ਖੜੇ ਹਨ। ਦੋਸ਼ੀਆਂ ਦੇ ਖ਼ਿਲਾਫ਼ ਕਤਲ, ਦੰਗਾ ਅਤੇ ਕਾਤਲਾਨਾ ਹਮਲੇ ਦੀਆਂ ਧਾਰਾਵਾਂ ਲਾਈਆਂ ਗਈਆਂ ਹਨ।

ਇਸ ਹਿੰਸਾ ਵਿਚ ਮਾਰੇ ਗਏ ਪੁਲੀਸ ਇੰਸਪੈਕਟਰ ਸੁਬੋਧ ਕੁਮਾਰ ਸਿੰਘ ਦੇ ਪੁੱਤਰ ਅਭਿਸ਼ੇਕ ਨੇ ਧਰਮ ਦੇ ਨਾਂ ਉਤੇ ਹਿੰਸਾ ਬੰਦ ਕਰਨ ਦੀ ਅਪੀਲ ਕਰਦਿਆਂ ਕਿਹਾ, 'ਮੇਰੇ ਪਿਤਾ ਹਿੰਦੂ-ਮੁਸਲਿਮ ਹਿੰਸਾ ਦੀ ਭੇਟ ਚੜ੍ਹੇ ਹਨ, ਅਗਲਾ ਕੀਹਦਾ ਬਾਪ ਹੋਵੇਗਾ?' ਸੁਬੋਧ ਦੀ ਭੈਣ ਸੁਨੀਤਾ ਨੇ ਕਿਹਾ, 'ਮੇਰਾ ਭਰਾ ਗਊ ਦਾਦਰੀ ਨੇੜੇ ਚਾਰ ਸਾਲ ਪਹਿਲਾਂ ਹੋਏ ਕਤਲ ਕਾਂਡ ਦੀ ਜਾਂਚ ਕਰ ਰਿਹਾ ਸੀ, ਉਹ ਸਾਜਿਸ਼ ਨਾਲ ਮਾਰਿਆ ਗਿਆ ਹੈ। ਸਰਕਾਰ ਉਸ ਨੂੰ ਸ਼ਹੀਦ ਦਾ ਦਰਜਾ ਦੇਵੇ। ਮੈਂ ਮੰਨਦੀ ਹਾਂ ਕਿ ਗਊ ਸਾਡੀ ਮਾਤਾ ਹੈ ਤੇ ਮੇਰੇ ਭਰਾ ਨੂੰ ਗਊ ਕਾਰਨ ਹੀ ਜਾਨ ਦੇਣੀ ਪਈ ਹੈ। ਮੁੱਖ ਮੰਤਰੀ ਗਊ, ਗਊ, ਗਊ ਜਪਦੇ ਰਹਿੰਦੇ ਹਨ। ਗਊ ਰੱਖਿਆ ਲਈ ਉਹ ਆਪ ਕਿਉਂ ਨਹੀਂ ਆਉਂਦੇ।'

# ਮੋਦੀ ਵੱਲੋਂ ਨਵਾਂ ਦੋਸ਼: ਕਰਤਾਰਪੁਰ ਤਾਂ ਕਾਂਗਰਸੀ ਗ਼ਲਤੀ ਨਾਲ ਪਾਕਿਸਤਾਨ ਨੂੰ ਗਿਆ ਸੀ




ਏਲਨਾਬਾਦ, 4 ਦਸੰਬਰ, (ਪੋਸਟ ਬਿਊਰੋ)- ਰਾਜਸਥਾਨ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ’ਤੇ ਸ਼ਬਦੀ ਹਮਲੇ ਕਰ ਰਹੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਵੰਡ ਵੇਲੇ ਗੁਰਦੁਆਰਾ ਕਰਤਾਰਪੁਰ ਸਾਹਿਬ ਪਾਕਿਸਤਾਨ ਵਿਚ ਇਸ ਲਈ ਚਲਿਆ ਗਿਆ ਸੀ ਕਿ ਉਦੋਂ ਰਾਜ ਕਰਨ ਲਈ ਤਿਆਰ ਕਾਂਗਰਸ ਪਾਰਟੀ ਦੇ ਆਗੂਆਂ ਦਾ ਨਾ ਕੋਈ ਨਜ਼ਰੀਆ ਸੀ, ਨਾ ਸਿੱਖ ਜਜ਼ਬਾਤ ਪ੍ਰਤੀ ਉਨ੍ਹਾਂ ਵਿੱਚ ਕੋਈ ਸਤਿਕਾਰ ਸੀ।

ਬੀਤੇ ਦਿਨੀਂ ਭਾਰਤ-ਪਾਕਿ ਸਰਹੱਦ ਉੱਤੇ ਕਰੀਬ ਚਾਰ ਕਿਲੋਮੀਟਰ ਲੰਮੇ ਗੁਰਦੁਆਰਾ ਕਰਤਾਰਪੁਰ ਸਾਹਿਬ ਤੱਕ ਦੇ ਲਾਂਘੇ ਦਾ ਜ਼ਿਕਰ ਕਰਦਿਆਂ ਨਰਿੰਦਰ ਮੋਦੀ ਨੇ ਹਨੂੰਮਾਨਗੜ੍ਹ ਦੀ ਚੋਣ ਰੈਲੀ ਵਿੱਚ ਕਿਹਾ, ‘ਕਾਂਗਰਸ ਦੀਆਂ ਗ਼ਲਤੀਆਂ ਸੁਧਾਰਨਾ ਹੀ ਮੇਰੀ ਹੋਣੀ ਹੈ। ਕਾਂਗਰਸ ਨੂੰ ਜਵਾਬ ਦੇਣਾ ਪਵੇਗਾ ਕਿ 70 ਸਾਲ ਪਹਿਲਾਂ ਇਹ ਕਿਉਂ ਨਾ ਕੀਤਾ। ਕਾਂਗਰਸ ਆਗੂ ਰਾਜਗੱਦੀ ਤੋਂ ਪਰ੍ਹੇ ਦੇਖਦੇ ਨਹੀਂ ਸਨ, ਜਿਸ ਕਰ ਕੇ ਕਰਤਾਰਪੁਰ ਪਾਕਿਸਤਾਨ ਵਿਚ ਚਲਾ ਗਿਆ।’

ਇਸ ਮੌਕੇ ਮੋਦੀ ਨੇ ਕਿਹਾ ਕਿ ਪੰਜਾਬ ਤੇ ਰਾਜਸਥਾਨ ਵਿੱਚ ਕਾਂਗਰਸ ਦੀਆਂ ਸਰਕਾਰਾਂ ਦੇ ਬਾਵਜੂਦ ਰਾਜਸਥਾਨ ਦੇ ਲੋਕ ਪਾਣੀ ਨੂੰ ਤਰਸਦੇ ਰਹੇ, ਸਾਡੀ ਸਰਕਾਰ ਨੇ ਸਰਹਿੰਦ ਫੀਡਰ ਅਤੇ ਰਾਜਸਥਾਨ ਕੈਨਾਲ ਦੀ 2000 ਕਰੋੜ ਰੁਪਏ ਦੀ ਲਾਗਤ ਨਾਲ ਮੁਰੰਮਤ ਕਰਵਾ ਕੇ ਇਨ੍ਹਾਂ ਨਹਿਰਾਂ ਤੋਂ ਪਾਣੀ ਦੀ ਲੀਕੇਜ ਰੋਕੀ ਅਤੇ 800 ਕਿਊਸਿਕ ਤੋਂ ਵੱਧ ਪਾਣੀ ਦੀ ਬੱਚਤ ਕੀਤੀ ਹੈ। ਉਨ੍ਹਾਂ ਕਿਹਾ ਕਿ 2009 ਦੀਆਂ ਚੋਣਾਂ ਸਮੇ ਕਿਸਾਨੀ ਕਰਜ਼ੇ ਮੁਆਫ਼ ਕਰਨ ਦਾ ਝੂਠ ਬੋਲ ਕੇ ਕਾਂਗਰਸ ਸੱਤਾ ਵਿੱਚ ਆਈ ਸੀ, ਕਿਸਾਨੀ ਕਰਜ਼ਾ 6 ਲੱਖ ਕਰੋੜ ਸੀ, ਕਾਂਗਰਸ ਸਰਕਾਰ ਨੇ 58 ਹਜ਼ਾਰ ਕਰੋੜ ਮੁਆਫ਼ ਕਰਨ ਦਾ ਦਾਅਵਾ ਕੀਤਾ, ਪਰ ਰਿਪੋਰਟ ਆਈ ਤਾਂ ਪਤਾ ਲੱਗਾ ਕਿ ਇਸ ਵਿੱਚ 35 ਲੱਖ ਲੋਕ ਉਹ ਸਨ, ਜਪ ਕਿਸਾਨ ਨਹੀਂ ਸਨ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰ੍ਹੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
NO SIDE EFFECTS
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

UK Truck Training Centre
Ministry Approved Private Carrier College
○ Automatic & Manual Trucks
● 1 on 1 Training
○ Forklift Training
Forklift $79 Recertification
Reach Truck
Counterbalance
“We Provide Training For Forklift & Trucks”
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

ShurGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਬੀਬੀ ਜਗੀਰ ਕੌਰ ਆਪਣੀ ਧੀ ਦੇ ਕਤਲ ਦੇ ਦੋਸ਼ਾਂ ਤੋਂ ਹਾਈ ਕੋਰਟ ਵੱਲੋਂ ਬਰੀ

*** ਸੀ ਬੀ ਆਈ ਜਾਂਚ ਵਿੱਚ ਖਾਮੀਆਂ ਨਿਕਲੀਆਂ * ਬਾਕੀ ਤਿੰਨ ਦੋਸ਼ੀ ਵੀ ਬਰੀ ਕੀਤੇ ਗਏ**



ਚੰਡੀਗੜ੍ਹ, 4 ਦਸੰਬਰ, (ਪੋਸਟ ਬਿਊਰੋ)- ਅਕਾਲੀ ਆਗੂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਆਪਣੀ ਸਕੀ ਧੀ ਨੂੰ ਅਗਵਾ ਕਰਨ ਅਤੇ ਜਬਰੀ ਗਰਭਪਾਤ ਕਰਵਾਉਣ ਦੇ ਦੋਸ਼ਾਂ ਵਿੱਚੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਬਰੀ ਕਰ ਦਿੱਤਾ ਹੈ। ਬੀਬੀ ਜਗੀਰ ਕੌਰ ਦੀ ਧੀ ਹਰਪ੍ਰੀਤ ਕੌਰ ਦੀ ਅਪ੍ਰੈਲ 2000 ਵਿੱਚ ਭੇਤ ਭਰੇ ਹਾਲਾਤ ਵਿੱਚ ਮੌਤ ਹੋ ਗਈ ਸੀ, ਜਿਸ ਨੂੰ ਕਤਲ ਕਿਹਾ ਗਿਆ ਸੀ।

ਜਸਟਿਸ ਏ ਬੀ ਚੌਧਰੀ ਅਤੇ ਜਸਟਿਸ ਕੁਲਦੀਪ ਸਿੰਘ ਦੀ ਅਗਵਾਈ ਵਾਲੇ ਡਵੀਜ਼ਨ ਬੈਂਚ ਨੇ ਇਸ ਕੇਸ ਵਿੱਚ ਪਟਿਆਲਾ ਦੀ ਵਿਸ਼ੇਸ਼ ਸੀ ਬੀ ਆਈ ਅਦਾਲਤ ਵੱਲੋਂ ਦਿੱਤੇ ਫੈਸਲੇ ਨੂੰ ਰੱਦ ਕਰ ਕੇ ਕੇਸ ਵਿੱਚ ਦੋਸ਼ੀ ਨਾਮਜ਼ਦ ਤਿੰਨ ਹੋਰ ਲੋਕਾਂ ਨੂੰ ਵੀ ਬਰੀ ਕਰ ਦਿੱਤਾ ਹੈ। ਹਾਈ ਕੋਰਟ ਨੇ ਕਿਹਾ ਕਿ ਟਰਾਇਲ ਕੋਰਟ ਦਾ ਫੈਸਲਾ ਪੜ੍ਹ ਕੇ ਲਗਦਾ ਹੈ ਕਿ ਗਵਾਹਾਂ ਦੇ ਐਫੀਡੇਵਿਟਸ ਤੇ ਸਬੂਤ ਬਿਨਾਂ ਵਜ੍ਹਾ ਅੱਖੋਂ ਪਰੋਖੇ ਕੀਤੇ ਗਏ ਸਨ। ਕੋਰਟ ਨੇ ਕਿਹਾ ਕਿ ਸੀ ਬੀ ਆਈ ਜਾਂਚ ਵਿੱਚ ਵੀ ਖਾਮੀਆਂ ਸਨ। ਸੀ ਬੀ ਆਈ ਅਦਾਲਤ ਨੇ ਬੀਬੀ ਜਗੀਰ ਕੌਰ ਅਤੇ ਤਿੰਨ ਹੋਰਨਾਂ ਨੂੰ ਇਸ ਕੇਸ ਵਿੱਚ ਪੰਜ ਸਾਲ ਕੈਦ ਦੀ ਸਜ਼ਾ ਦਿੱਤੀ ਸੀ। ਬਰੀ ਕੀਤੇ ਗਏ ਹੋਰ ਲੋਕਾਂ ਵਿੱਚ ਦਲਵਿੰਦਰ ਕੌਰ ਢੇਸੀ, ਪਰਮਜੀਤ ਸਿੰਘ ਰਾਏਪੁਰ ਤੇ ਨਿਸ਼ਾਨ ਸਿੰਘ ਹਨ। ਬਚਾਅ ਪੱਖ ਦੇ ਵਕੀਲ ਨੇ ਕਿਹਾ, 'ਅਦਾਲਤ ਨੇ ਬੀਬੀ ਜਗੀਰ ਕੌਰ ਤੇ ਤਿੰਨ ਹੋਰਨਾਂ ਨੂੰ ਬਰੀ ਕਰ ਦਿੱਤਾ ਹੈ।' ਵਰਨਣ ਯੋਗ ਹੈ ਕਿ ਸਾਲ 2000 ਵਿੱਚ ਹਰਪ੍ਰੀਤ ਕੌਰ ਦੀ ਭੇਤ ਭਰੇ ਹਾਲਾਤ ਵਿੱਚ ਮੌਤ ਹੋਣ ਪਿੱਛੋਂ ਕਮਲਜੀਤ ਸਿੰਘ (ਜੋ ਹਰਪ੍ਰੀਤ ਕੌਰ ਦਾ ਪਤੀ ਹੋਣ ਦਾ ਦਾਅਵਾ ਕਰਦਾ ਸੀ) ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ ਸੀ ਤੇ ਇਸ ਦੇ ਬਾਅਦ ਹਾਈ ਕੋਰਟ ਦੀ ਹਦਾਇਤ ਉੱਤੇ ਇਸ ਕੇਸ ਦੀ ਜਾਂਚ ਸੀ ਬੀ ਆਈ ਨੂੰ ਸੌਂਪੀ ਗਈ ਸੀ। ਸੀ ਬੀ ਆਈ ਨੇ ਜਾਂਚ ਪਿੱਛੋਂ ਦਾਅਵਾ ਕੀਤਾ ਸੀ ਕਿ ਮਾਰਚ 2000 ਵਿੱਚ ਬੀਬੀ ਜਗੀਰ ਕੌਰ ਦੀ ਧੀ ਹਰਪ੍ਰੀਤ ਕੌਰ ਨੂੰ ਇਕ ਘਰ ਵਿੱਚ ਬੰਦ ਕਰ ਕੇ ਟੀਕੇ ਨਾਲ ਬੇਹੋਸ਼ ਕਰਨ ਪਿੱਛੋਂ ਉਸ ਦਾ ਜਬਰੀ ਗਰਭਪਾਤ ਕੀਤਾ ਗਿਆ ਸੀ। ਸਾਲ 2012 ਵਿੱਚ ਪਟਿਆਲਾ ਦੀ ਵਿਸ਼ੇਸ਼ ਸੀ ਬੀ ਆਈ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤੇ ਜਾਣ ਪਿੱਛੋਂ ਬੀਬੀ ਜਗੀਰ ਕੌਰ ਨੂੰ ਅਕਾਲੀ-ਭਾਜਪਾ ਸਰਕਾਰ ਤੋਂ ਅਸਤੀਫ਼ਾ ਦੇਣਾ ਪਿਆ ਸੀ। ਸੀ ਬੀ ਆਈ ਕੋਰਟ ਦੇ ਇਸ ਫ਼ੈਸਲੇ ਨੂੰ ਚੁਣੌਤੀ ਦਿੰਦੀ ਪਟੀਸ਼ਨ ਹਾਈ ਕੋਰਟ ਵਿੱਚ ਅਜੇ ਪੈਂਡਿੰਗ ਹੋਣ ਕਰਕੇ ਬੀਬੀ ਜਗੀਰ ਕੌਰ ਨੂੰ 2017 ਪੰਜਾਬ ਅਸੈਂਬਲੀ ਦੀਆਂ ਚੋਣਾਂ ਤੋਂ ਵੀ ਲਾਂਭੇ ਹੋਣਾ ਪਿਆ ਸੀ।

# ਪ੍ਰਤਾਪ ਸਿੰਘ ਬਾਜਵਾ ਆਪਣੀ ਹੀ ਰਾਜ ਸਰਕਾਰ ਨੂੰ ਪੈ ਨਿਕਲਿਆ

*** ਪ੍ਰਾਈਵੇਟ ਖੰਡ ਮਿੱਲਾਂ ਚਾਲੂ ਕਰੋ, ਵਰਨਾ ਹਾਈ ਕੋਰਟ ਜਾਵਾਂਗੇ: ਬਾਜਵਾ**



ਚੰਡੀਗੜ੍ਹ, 4 ਦਸੰਬਰ, (ਪੋਸਟ ਬਿਊਰੋ)- ਸੀਨੀਅਰ ਕਾਂਗਰਸ ਆਗੂ ਅਤੇ ਪਾਰਲੀਮੈਂਟ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਅੱਜ ਪੰਜਾਬ ਸਰਕਾਰ ਨੂੰ ਨਿਸ਼ਾਨੇ ਉੱਤੇ ਲੈਂਦੇ ਹੋਏ ਕਿਹਾ ਹੈ ਕਿ ਪੰਜਾਬ ਸਰਕਾਰ ਇਸ ਰਾਜ ਵਿੱਚ ਪ੍ਰਾਈਵੇਟ ਖੰਡ ਮਿੱਲਾਂ ਚਲਵਾਉਣ ਦਾ ਪ੍ਰਬੰਧ ਕਰੇ, ਨਹੀਂ ਤਾਂ ਅਸੀਂ ਹਾਈ ਕੋਰਟ ਵੀ ਜਾ ਸਕਦੇ ਹਾਂ

ਅੱਜ ਏਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਜੇ 35 ਰੁਪਏ ਪ੍ਰਾਈਵੇਟ ਖੰਡ ਮਿੱਲਾਂ ਵਾਲੇ ਘਾਟੇ ਵਿੱਚ ਗੰਨਾ ਖਰੀਦਣਾ ਚਾਹੁੰਦੇ ਹਨ ਤਾਂ 35 ਰੁਪਏ ਸਰਕਾਰ ਆਪਣੇ ਵੱਲੋਂ ਦੇ ਦੇਵੇ। ਬਾਜਵਾ ਨੇ ਕਿਹਾ ਕਿ ਆਜ਼ਾਦੀ ਪਿੱਛੋਂ ਪਹਿਲੀ ਵਾਰ ਪੰਜਾਬ ਦੇ ਲੋਕਾਂ ਨੇ ਕਾਂਗਰਸ ਨੂੰ ਦੋ ਤਿਹਾਈ ਬਹੁਮਤ ਦਿੱਤਾ ਅਤੇ ਅਸੀਂ ਲੋਕਾਂ ਨੂੰ ਚੰਗੀ ਸਰਕਾਰ ਤੇ ਜਵਾਬਦੇਹ ਪ੍ਰਸ਼ਾਸਨ ਦਾ ਭਰੋਸਾ ਦੇ ਕੇ ਸਰਕਾਰ ਬਣਾਈ ਹੈ। ਉਨ੍ਹਾਂ ਕਿਹਾ ਕਿ ਦੋਆ-ਬਾ ਅਤੇ ਮਾਝਾ ਖੇਤਰ ਦੇ ਗੰਨਾ ਉਤਪਾਦਕ ਸੰਕਟ ਵਿੱਚ ਹਨ। ਨਿੱਜੀ ਖੰਡ ਮਿੱਲਾਂ ਚਾਲੂ ਨਾ ਹੋਣ ਕਰ ਕੇ ਕਈ ਮਿੱਲਾਂ ਅੱਗੇ ਕਿਸਾਨਾਂ ਨੇ ਧਰਨੇ ਲਾਏ ਹੋਏ ਹਨ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਲੰਬੇ ਸਮੇਂ ਤੋਂ ਸਰਕਾਰ ਕਿਸਾਨਾਂ ਨੂੰ ਫਸਲੀ ਚੱਕਰ ਤੋਂ ਕੱਢਣ ਲਈ ਬੇਨਤੀ ਕਰ ਰਹੀ ਹੋਣ ਕਾਰਨ ਕਿਸਾਨਾਂ ਨੇ ਵੱਡੀ ਮਾਤਰਾ ਵਿਚ ਗੰਨੇ ਦੀ ਫਸਲ ਬੀਜੀ ਹੈ, ਇਹ ਸਾਲ ਵਿਚ ਇੱਕੋ ਫਸਲ ਹੁੰਦੀ ਹੈ, ਉਸ ਦੀ ਅਦਾਇਗੀ ਵੀ ਕਿਸਾਨਾਂ ਨੂੰ ਸਮੇਂ ਸਿਰ ਨਹੀਂ ਹੁੰਦੀ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਬਾਜਵਾ ਨੇ ਕਿਹਾ ਕਿ ਨਿੱਜੀ ਖੰਡ ਮਿੱਲ ਮਾਲਕ 35 ਰੁਪਏ ਘਾਟੇ ਵਿਚ ਗੰਨਾ ਖਰੀਦਣਾ ਚਾਹੁੰਦੇ ਹਨ ਅਤੇ ਇਹ 35 ਰੁਪਏ ਸਰਕਾਰ ਵੱਲੋਂ ਦੇਣ ਦਾ ਦਬਾਅ ਬਣਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਨਵੰਬਰ ਵਿਚ ਸਾਰੀਆਂ ਕੋਆਪਰੇਟਿਵ ਅਤੇ ਪ੍ਰਾਈਵੇਟ ਮਿੱਲਾਂ ਨੇ ਗੰਨੇ ਦੀ ਪਿੜਾਈ ਸ਼ੁਰੂ ਕਰ ਦਿੱਤੀ ਸੀ, ਇਸ ਵਾਰ ਦਸੰਬਰ ਦਾ ਪਹਿਲਾ ਹਫ਼ਤਾ ਖ਼ਤਮ ਹੋਣ ਵਾਲਾ ਹੈ, ਅਜੇ ਤਕ ਪ੍ਰਾਈਵੇਟ ਮਿੱਲਾਂ ਨੇ ਪਿੜਾਈ ਸ਼ੁਰੂ ਨਹੀਂ ਕੀਤੀ ਅਤੇ ਸੀਜ਼ਨ ਦੇਰੀ ਨਾਲ ਸ਼ੁਰੂ ਹੋਣ ਕਾਰਨ ਕਿਸਾਨਾਂ ਦਾ ਨੁਕਸਾਨ ਹੋਵੇਗਾ।

## ਨੈਸ਼ਨਲ ਹੈਰਾਲਡ ਕੇਸ: ਰਾਹੁਲ ਅਤੇ ਸੋਨੀਆ ਗਾਂਧੀ ਦੀਆਂ ਟੈਕਸ ਰਿਟਰਨਾਂ ਨਵੇਂ ਸਿਰਿਓਂ ਖੋਲ੍ਹਣ ਦੀ ਇਜਾਜ਼ਤ

ਨਵੀਂ ਦਿੱਲੀ, 4 ਦਸੰਬਰ, (ਪੋਸਟ ਬਿਊਰੋ)- ਨੈਸ਼ਨਲ ਹੈਰਾਲਡ ਕੇਸ ਵਿੱਚ ਸੁਪਰੀਮ ਕੋਰਟ ਨੇ ਆਮਦਨ ਟੈਕਸ ਵਿਭਾਗ ਨੂੰ ਕਾਂਗਰਸ ਆਗੂ ਰਾਹੁਲ ਗਾਂਧੀ ਅਤੇ ਸੋਨੀਆ ਗਾਂਧੀ ਵੱਲੋਂ ਸਾਲ 2011-12 ਵਿੱਚ ਭਰੀਆਂ ਆਮਦਨ ਟੈਕਸ ਰਿਟਰਨਾਂ ਮੁੜ ਕੇ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ ਹੈ, ਪਰ ਇਸ ਦਾ ਕੇਸ ਪੈਂਡਿੰਗ ਹੋਣ ਤਕ ਕਾਂਗਰਸ ਪ੍ਰਧਾਨ ਰਾਹੁਲ ਤੇ ਉਨ੍ਹਾਂ ਦੀ ਮਾਂ ਸੋਨੀਆ ਗਾਂਧੀ ਦੇ ਖ਼ਿਲਾਫ਼ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਕਰਨ ਤੋਂ ਰੋਕ ਦਿੱਤਾ ਹੈ।

ਇਸ ਸੰਬੰਧ ਵਿੱਚ ਅੱਜ ਕੋਰਟ ਨੇ ਕਿਹਾ ਕਿ ਉਹ ਨੈਸ਼ਨਲ ਹੈਰਾਲਡ ਕੇਸ, ਜਿਸ ਵਿਚ ਕਾਂਗਰਸੀ ਆਗੂ ਕਾਰਵਾਈ ਦਾ ਸਾਹਮਣਾ ਕਰ ਰਹੇ ਹਨ, ਦੇ ਬਾਰੇ ਰਾਹੁਲ ਅਤੇ ਸੋਨੀਆ ਗਾਂਧੀ ਵੱਲੋਂ ਦਾਇਰ ਪਟੀਸ਼ਨਾਂ ਦੇ ਗੁਣ-ਦੋਸ਼ ਬਾਰੇ ਆਪਣਾ ਫੈਸਲਾ ਨਹੀਂ ਦੇ ਰਹੀ। ਕੇਸ ਦੀ ਅਗਲੀ ਸੁਣਵਾਈ 8 ਜਨਵਰੀ ਨੂੰ ਹੋਣੀ ਹੈ। ਇਸ ਤੋਂ ਪਹਿਲਾਂ ਜਸਟਿਸ ਏ ਕੇ ਸੀਕਰੀ ਦੀ ਅਗਵਾਈ ਵਾਲੇ ਬੈਂਚ ਕੋਲ ਇਨਕਮ ਟੈਕਸ ਵਿਭਾਗ ਵੱਲੋਂ ਪੇਸ਼ ਹੋ ਕੇ ਸਾਲਿ-ਸਟਰ ਜਨਰਲ ਤੁਸ਼ਾਰ ਮਹਿਤਾ ਨੇ ਮੰਗ ਕੀਤੀ ਕਿ ਵਿਭਾਗ ਨੂੰ ਰਾਹੁਲ ਤੇ ਸੋਨੀਆ ਗਾਂਧੀ ਤੇ ਹੋਰ ਲੋਕਾਂ ਖ਼ਿਲਾਫ਼ ਜਾਰੀ ਅਸੈਸਮੈਂਟ ਹੁਕਮਾਂ ਨੂੰ ਲਾਗੂ ਕਰਨ ਤੋਂ ਰੋਕਿਆ ਨਾ ਜਾਵੇ। ਉਨ੍ਹਾਂ ਅਦਾਲਤ ਨੂੰ ਬੇਨਤੀ ਕੀਤੀ ਕਿ ਪੂਰੀ ਗੱਲ ਸੁਣ ਕੇ ਢੁਕਵੇਂ ਹੁਕਮ ਦਿੱਤੇ ਜਾਣ। ਬੈਂਚ ਵਿੱਚ ਸ਼ਾਮਲ ਜਸਟਿਸ ਅਸ਼ੋਕ ਭੂਸ਼ਨ ਅਤੇ ਜਸਟਿਸ ਐਸ. ਅਬਦੁਲ ਨਜ਼ੀਰ ਨੇ ਸਮੇਂ ਦੀ ਘਾਟ ਦਾ ਹਵਾਲੇ ਨਾਲ ਗੱਲ ਸੁਣਨ ਤੋਂ ਨਾਂਹ ਕਰ ਕੇ ਕਿਹਾ ਕਿ ਇਹ ਨਿਰੇ ਪੇਸ਼ਗੀ ਹੁਕਮ ਹਨ, ਜੋ ਦੋਵਾਂ ਧਿਰਾਂ ਉਤੇ ਇਕੋ ਜਿਹੇ ਲਾਗੂ ਹੋਣਗੇ। ਅਦਾਲਤ ਨੇ ਸਾਫ਼ ਕਰ ਦਿੱਤਾ ਕਿ ਉਹ ਕੇਸ ਦੇ ਗੁਣ-ਦੋਸ਼ਾਂ ਵਿੱਚ ਨਹੀਂ ਜਾਂਦੀ, ਕਿਉਂਕਿ ਏਦਾਂ ਕਰਨ ਲਈ ਸਾਰੀ ਸੁਣਵਾਈ ਦੀ ਲੋੜ ਹੈ। ਵਰਨਣ ਯੋਗ ਹੈ ਕਿ ਰਾਹੁਲ ਤੇ ਸੋਨੀਆ ਗਾਂਧੀ ਅਤੇ ਕਾਂਗਰਸ ਦੇ ਸੀਨੀਅਰ ਆਗੂ ਔਸਕਰ ਫਰਨਾਂਡੇਜ਼ ਨੇ ਦਿੱਲੀ ਹਾਈ ਕੋਰਟ ਵੱਲੋਂ 10 ਸਤੰਬਰ ਨੂੰ ਦਿੱਤੇ ਉਸ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ, ਜਿਸ ਵਿੱਚ 2011-12 ਦੀਆਂ ਟੈਕਸ ਰਿਟਰਨਾਂ ਨੂੰ ਮੁੜ ਕੇ ਨਾ ਖੋਲ੍ਹਣ ਦੇਣ ਦੀ ਅਰਜ਼ੀ ਨੂੰ ਰੱਦ ਕਰ ਦਿੱਤਾ ਗਿਆ ਸੀ।

# ਗੱਦਾ ਫੈਕਟਰੀ ਨੂੰ ਧਮਾਕੇ ਪਿੱਛੋਂ ਲੱਗੀ ਅੱਗ ਨਾਲ ਤਿੰਨ ਮੌਤਾਂ



ਬਰਨਾਲਾ, 4 ਦਸੰਬਰ, (ਪੋਸਟ ਬਿਊਰੋ)- ਏਥੋਂ ਨੇੜਲੇ ਪਿੰਡ ਉਗੋਕੇ 'ਚ ਬਾਂਸਲ ਫੋਮ ਫੈਕਟਰੀ ਵਿੱਚ ਧਮਾਕਾ ਹੋਣ ਪਿੱਛੋਂ ਅੱਜ ਸਵੇਰੇ ਅੱਗ ਲੱਗ ਗਈ, ਜਿਸ ਵਿੱਚ ਤਿੰਨ ਜਣਿਆਂ ਦੀ ਮੌਤ ਹੋ ਗਈ ਤੇ ਦੋ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਇਲਾਜ ਲਈ ਡੀ ਐਮ ਸੀ ਲੁਧਿਆਣਾ ਭੇਜ ਦਿੱਤਾ ਹੈ। ਮ੍ਰਿਤਕਾਂ ਦੀ ਪਛਾਣ ਸਾਧੂ ਸਿੰਘ ਵਾਸੀ ਚੀਮਾ, ਜਗਜੀਤ ਸਿੰਘ ਵਾਸੀ ਗਿੱਲ ਕੋਠੇ ਅਤੇ ਸਿਕੰਦਰ ਸਿੰਘ ਵਾਸੀ ਚੀਮਾ ਵਜੋਂ ਹੋਈ ਹੈ। ਇਸ ਦੌਰਾਨ ਫੈਕਟਰੀ ਵਿੱਚ ਪਏ ਗੱਦੇ ਅਤੇ ਹੋਰ ਸਾਮਾਨ, ਦੋ ਮੋਟਰ ਸਾਈਕਲ, ਇੱਕ ਟਰੱਕ ਸਮੇਤ ਹੋਰ ਕਾਫੀ ਸਾਮਾਨ ਅੱਗ ਨਾਲ ਸੜ ਗਿਆ।

ਮਿਲੀ ਜਾਣਕਾਰੀ ਅਨੁਸਾਰ ਸਵੇਰੇ ਬਾਂਸਲ ਫੋਮ ਫੈਕਟਰੀ ਵਿੱਚ ਜ਼ੋਰਦਾਰ ਧਮਾਕੇ ਕਾਰਨ ਅੱਗ ਲੱਗ ਗਈ, ਜਿਸ ਨੇ ਤੇਜ਼ੀ ਨਾਲ ਪੂਰੀ ਫੈਕਟਰੀ ਨੂੰ ਲਪੇਟ ਵਿਚ ਲੈ ਲਿਆ। ਧਮਾਕਾ ਹੋਣ ਸਮੇਂ ਫੈਕਟਰੀ ਵਿੱਚ ਅੱਸੀ ਦੇ ਕਰੀਬ ਕਾਮੇ ਸਨ, ਜਿਨ੍ਹਾਂ ਵਿੱਚ ਭਾਜੜ ਮੱਚ ਗਈ। ਨੇੜਲੇ ਲਗਭਗ 8 ਸ਼ਹਿਰਾਂ ਤੋਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪੁੱਜੀਆਂ ਅਤੇ ਕਾਫ਼ੀ ਮੁਸ਼ੱਕਤ ਪਿੱਛੋਂ ਅੱਗ 'ਤੇ ਕਾਬੂ ਪਾਇਆ। ਇਸ ਦਾ ਪਤਾ ਲੱਗਦੇ ਸਾਰ ਡੀ ਐਸ ਪੀ (ਡੀ) ਸੁਰਜੀਤ ਸਿੰਘ ਧਨੋਆ ਅਤੇ ਹੋਰ ਪੁਲਸ ਅਧਿਕਾਰੀ ਮੌਕੇ 'ਤੇ ਪੁੱਜੇ। ਪੁਲੀਸ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਰਨਾਲਾ ਦੇ ਡਿਪਟੀ ਕਮਿਸ਼ਨਰ ਤੋਂ ਇਸ ਫੈਕਟਰੀ ਵਿੱਚ ਲੱਗੀ ਅੱਗ ਦੀ ਵਿਸਥਾਰਤ ਰਿਪੋਰਟ ਮੰਗ ਲਈ ਹੈ। ਉਨ੍ਹਾ ਨੇ ਡਿਪਟੀ ਕਮਿਸ਼ਨਰ ਨੂੰ ਅੱਗ ਦੇ ਕਾਰਨਾਂ ਦਾ ਪਤਾ ਲਾਉਣ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਵਾਪਰਨ ਤੋਂ ਰੋਕਣ ਲਈ ਢੁਕਵੇਂ ਕਦਮਾਂ ਬਾਰੇ ਸੁਝਾਅ ਦੇਣ ਲਈ ਕਿਹਾ ਹੈ।

# ਅਗਸਤਾ ਵੈਸਟਲੈਂਡ ਸੌਦੇ ਦਾ ਦਲਾਲ ਮਿਸ਼ੇਲ ਦੁਬੱਈ ਵਿੱਚੋਂ ਭਾਰਤ ਲਿਆਂਦਾ ਗਿਆ



ਨਵੀਂ ਦਿੱਲੀ, 4 ਦਸੰਬਰ, (ਪੋਸਟ ਬਿਊਰੋ)- ਪਿਛਲੀ ਸਰਕਾਰ ਦੇ ਵਕਤ ਹੋਏ ਅਗਸਤਾ ਵੈਸਟਲੈਂਡ ਹੈਲੀਕਾਪਟਰ ਕੇਸ ਦੀ ਜਾਂਚ ਕਰ ਰਹੀ ਏਜੰਸੀ ਸੀ ਬੀ ਆਈ ਨੂੰ ਵੱਡੀ ਸਫਲਤਾ ਮਿਲੀ ਹੈ। ਕਈ ਯਤਨਾਂ ਪਿੱਛੋਂ ਅੰਤ ਇਸ ਕੇਸ ਦੇ ਵਿਚੋਲੇ ਕ੍ਰਿਸਟੀਅਨ ਮਿਸ਼ੇਲ ਨੂੰ ਭਾਰਤ ਲਿਆਂਦਾ ਜਾ ਸਕਿਆ ਹੈ। ਦੁਬਈ ਜੇਲ ਵਿੱਚ ਬੰਦ ਮਿਸ਼ੇਲ ਹਵਾਲਗੀ ਹੇਠ ਅੱਜ ਰਾਤ ਏਥੇ ਪਹੁੰਚਿਆ। ਦਿੱਲੀ ਉੱਤਰਦੇ ਸਾਰ ਸੀ ਬੀ ਆਈ ਨੇ ਮਿਸ਼ੇਲ ਨੂੰ ਗ੍ਰਿਫਤਾਰ ਕਰ ਲਿਆ।

ਮਿਲੀ ਜਾਣਕਾਰੀ ਅਨੁਸਾਰ ਕੁਝ ਹੋਰ ਕੇਸਾਂ ਵਿੱਚ ਦੁਬਈ ਦੀ ਜੇਲ ਵਿੱਚ ਬੰਦ ਮਿਸ਼ੇਲ ਦੀ ਭਾਰਤ ਹਵਾਲਗੀ ਉਤੇ ਸੁਣਵਾਈ ਕਰਦੇ ਹੋਏ ਕੁਝ ਸਮਾਂ ਪਹਿਲਾਂ ਦੁਬਈ ਦੀ ਸੀਨੀਅਰ ਅਦਾਲਤ ਨੇ ਹੇਠਲੀ ਅਦਾਲਤ ਦਾ ਫੈਸਲਾ ਕਾਇਮ ਰੱਖ ਕੇ ਮੰਨਿਆ ਸੀ ਕਿ ਮਿਸ਼ੇਲ ਨੂੰ ਭਾਰਤ ਦੇ ਹਵਾਲੇ ਕਰਨਾ ਬਣਦਾ ਹੈ। ਕੋਰਟ ਨੇ ਮਿਸ਼ੇਲ ਦੇ ਵਕੀਲਾਂ ਦੀ ਅਪੀਲ ਰੱਦ ਕਰਦੇ ਹੋਏ ਇਹ ਆਦੇਸ਼ ਦਿੱਤਾ ਸੀ, ਜਿਸ ਪਿੱਛੋਂ ਉਸ ਨੂੰ ਭਾਰਤ ਲਿਆਂਦਾ ਗਿਆ ਹੈ ਤੇ ਅੱਗੋਂ ਉਸ ਤੋਂ ਇਸ ਹੈਲੀਕਾਪਟਰ ਸੌਦੇ ਦੇ ਸਬੰਧ 'ਚ ਪੁੱਛਗਿੱਛ ਕੀਤੀ ਜਾਵੇਗੀ। ਭਾਰਤ ਦੇ ਪੱਖ ਦੀ ਇਹ ਵੱਡੀ ਸਫਲਤਾ ਹੈ, ਕਿਉਂਕਿ 3600 ਕਰੋੜ ਰੁਪਏ ਦੇ ਅਗਸਤਾ ਵੈਸਟਲੈਂਡ ਹੈਲੀਕਾਪਟਰ ਸੌਦੇ ਵਿੱਚ ਭਾਰਤ ਦੇ ਕਈ ਵੱਡੇ ਸਿਆਸੀ ਆਗੂਆਂ ਦੇ ਖਿਲਾਫ ਸਵਾਲ ਉੱਠਦੇ ਹਨ। ਖਾਸ ਤੌਰ ਉੱਤੇ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਉੱਤੇ ਇਹ ਦੋਸ਼ ਲੱਗਦੇ ਹਨ। ਕ੍ਰਿਸ਼ਟੀਅਨ ਮਿਸ਼ੇਲ ਹਰ ਪੱਧਰ ਉੱਤੇ ਹੈਲੀਕਾਪਟਰ ਸੌਦੇ ਵਿੱਚ ਕਾਂਗਰਸ ਆਗੂਆਂ ਦੇ ਸ਼ਾਮਲ ਹੋਣ ਦੀ ਗੱਲ ਰੱਦ ਕਰਦਾ ਰਿਹਾ ਹੈ।


**Paramjit Deol** Broker
**CELL: 416-993-7378**
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

**BRAMPTON $89,000**
Photo Not Available
Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

**HAMILTON $25/Sq Ft.**
135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

**BRAMPTON $2,500**
85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

**BRAMPTON $54,900**
255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

**BRAMPTON $249,000**
Photo Not Available
10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

**PICKERING $59,000**
1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ । ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

**BRAMPTON $541,800**
Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਉਨ ਹਾਉਸ, ਕੁਆਰਟਜ਼ ਕਾਉਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

**AJAX $169,900**
Photo Not Available
44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

**KITCHENER $369,999**
Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਉਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

**TORONTO $508,775**
Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

**BRAMPTON $629,000**
60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

**TORONTO $825,000**
Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

**BRAMPTON $179,000**
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

**TORONTO $944,000**
Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

**BRAMPTON $849,000**
Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

**CALEDON $1,009,999**
Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Daljit Singh President
308 Rutherford Road Brampton
905-874-9878
Inderjit Singh
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Toll Free: 1-877-799-9878, www.skydomeauto.ca

# ਵਡੇਰਾ ਬਾਬਾ ਨਾਨਕ ਵਿੱਚ ਰੱਖੇ ਨੀਂਹ-ਪੱਥਰ ਦੀ ਪਲੇਟ ਨੂੰ ਸ਼ਰਾਰਤੀ ਅਨਸਰ ਤੋੜ ਗਏ

ਡੇਰਾ ਬਾਬਾ ਨਾਨਕ, 4 ਦਸੰਬਰ (ਪੋਸਟ ਬਿਊਰੋ)- ਡੇਰਾ ਬਾਬਾ ਨਾਨਕ ਦੇ ਵਿਕਾਸ ਕੰਮਾਂ ਲਈ ਰੱਖੇ ਨੀਂਹ-ਪੱਥਰ ਉੱਤੇ ਲੱਗੀ ਪਲੇਟ ਨੂੰ ਸ਼ਰਾਰਤੀ ਅਨਸਰਾਂ ਨੇ ਤੋੜ ਦਿੱਤਾ ਹੈ। ਇਹ ਨੀਂਹ ਪੱਥਰ ਇਸ ਕਸਬੇ ਵਿੱਚ ਲੱਗ ਰਹੀਆਂ ਇੰਟਰਲਾਕਿੰਗ ਟਾਇਲਾਂ, ਪਾਰਕ ਦੀ ਉਸਾਰੀ, ਐਲ ਈ ਡੀ ਲਾਈਟਾਂ, ਸੋਲਰ ਪ੍ਰੋਜੈਕਟ ਦੇ ਉਦਘਾਟਨ ਲਈ ਲਾਇਆ ਗਿਆ ਸੀ ਤੇ ਇਸ ਦਾ ਉਦਘਾਟਨ 23 ਨਵੰਬਰ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੁਲਤਾਨਪੁਰ ਲੋਧੀ ਵਿੱਚ ਹੋਏ ਇੱਕ ਪ੍ਰੋਗਰਾਮ ਦੌਰਾਨ ਵੀਡੀਓਗਰਾਫੀ ਰਾਹੀਂ ਕੀਤਾ ਸੀ।

ਮਿਲੀ ਜਾਣਕਾਰੀ ਅਨੁਸਾਰ ਨਵੰਬਰ ਵਿੱਚ ਇਹ ਨੀਂਹ ਪੱਥਰ ਨਗਰ ਕੌਂਸਲ ਵੱਲੋਂ ਸਰਕੂਲਰ ਰੋਡ ਦਰਸ਼ਨ ਸਥਾਨ ਨੇੜੇ ਬਣਾਇਆ ਗਿਆ ਸੀ। ਇਸ ਦਾ ਉਦਘਾਟਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੀਤਾ ਸੀ। ਐਤਵਾਰ ਇਸ ਨੀਂਹ ਪੱਥਰ 'ਤੇ ਲੱਗੀ ਪਲੇਟ ਸਹੀ ਸਲਾਮਤ ਸੀ, ਰਾਤ ਨੂੰ ਕਿਸੇ ਸ਼ਰਾਰਤੀ ਅਨਸਰ ਨੇ ਇਸ ਨੂੰ ਤੋੜ ਦਿੱਤਾ। ਇਸ ਬਾਰੇ ਨਗਰ ਕੌਂਸਲ ਦੇ ਈ ਓ ਭੁਪਿੰਦਰ ਸਿੰਘ ਨੇ ਦੱਸਿਆ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਹੈ, ਪਰ ਅਜੇ ਪੁਲਸ ਨੂੰ ਇਸ ਦੀ ਸ਼ਿਕਾਇਤ ਨਹੀਂ ਦਿੱਤੀ ਗਈ। ਨੀਂਹ ਪੱਥਰ ਦੀ ਪਲੇਟ ਨੂੰ ਦੋਬਾਰਾ ਲਾ ਦਿੱਤਾ ਜਾਏਗਾ।

# 30 ਬੰਧੂਆ ਮਜ਼ਦੂਰ ਆਜ਼ਾਦ ਕਰਵਾਏ ਗਏ



ਬਨੂੜ, 4 ਦਸੰਬਰ (ਪੋਸਟ ਬਿਊਰੋ)- ਬਨੂੜ ਦੀ ਨਾਇਬ ਤਹਿਸੀਲਦਾਰ ਜਸਵੀਰ ਕੌਰ ਦੀ ਅਗਵਾਈ ਹੇਠ ਇੱਕ ਟੀਮ ਨੇ ਕੱਲ੍ਹ ਸ਼ਾਮੀਂ ਪਿੰਡ ਖਲੌਰ ਦੇ ਐਮ ਕੇ ਨਾਂਅ ਦੇ ਭੱਠੇ ਉਤੋਂ ਸੱਤ ਪਰਵਾਰਾਂ ਦੇ ਤੀਹ ਮਜ਼ਦੂਰਾਂ ਦੀ ਬੰਦ ਖਲਾਸੀ ਕਰਾਈ ਹੈ। ਉਨ੍ਹਾਂ ਇਹ ਕਾਰਵਾਈ ਡਿਪਟੀ ਕਮਿਸ਼ਨਰ ਮੋਹਾਲੀ ਗੁਰਪ੍ਰੀਤ ਕੌਰ ਸਪਰਾ ਅਤੇ ਐਸ ਡੀ ਐਮ ਜਗਦੀਪ ਸਹਿਗਲ ਦੀ ਬਣਾਈ ਟੀਮ ਸਮੇਤ ਕੀਤੀ। ਉਨ੍ਹਾਂ ਨਾਲ ਕਿਰਤ ਇੰਸਪੈਕਟਰ ਜਗਪ੍ਰੀਤ ਸਿੰਘ, ਸਿਵਲ ਹਸਪਤਾਲ ਬਨੂੜ ਤੋਂ ਡਾ. ਸ਼ਿਤਜ ਦੀ ਅਗਵਾਈ ਹੇਠ ਮੈਡੀਕਲ ਟੀਮ ਤੇ ਪੁਲਸ ਵਾਲੇ ਮੌਜੂਦ ਸਨ। ਭੱਠੇ ਉਤੇ ਰਹਿੰਦੇ ਉਕਤ ਮਜ਼ਦੂਰਾਂ ਨੇ ਉਨ੍ਹਾਂ ਨੂੰ ਭੱਠਾ ਮਾਲਕ ਤੇ ਹੋਰਨਾਂ ਨੇ ਬੰਧੂਆ ਮਜ਼ਦੂਰ ਬਣਾਉਣ, ਕੁੱਟਮਾਰ ਕਰਨ ਦੇ ਦੋਸ਼ ਲਾਏ ਸਨ।

ਮਜ਼ਦੂਰਾਂ ਵਿੱਚੋਂ ਊਸ਼ਾ ਪਤਨੀ ਸੰਤਰਾਮ ਨੇ ਇਸ ਬਾਰੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਵੀ ਦਾਇਰ ਕੀਤੀ ਸੀ ਤੇ ਅਦਾਲਤ ਵੱਲੋਂ ਸਮੁੱਚੇ ਕੇਸ ਬਾਰੇ ਜ਼ਿਲਾ ਪ੍ਰਸ਼ਾਸਨ ਮੋਹਾਲੀ ਤੇ ਭੱਠਾ ਮਾਲਕ ਕੋਲੋਂ ਰਿਪੋਰਟ ਮੰਗੀ ਗਈ ਹੈ। ਨਾਇਬ ਤਹਿਸੀਲਦਾਰ ਦੀ ਅਗਵਾਈ ਹੇਠ ਟੀਮ ਭੱਠੇ ਉਤੇ ਪੁੱਜੀ ਤਾਂ ਸਮੁੱਚੇ ਮਜ਼ਦੂਰਾਂ ਦੇ ਬਿਆਨ ਦਰਜ ਕੀਤੇ। ਇਸ ਮੌਕੇ ਬੰਦੀ ਬਣਾਉਣ ਦਾ ਦੋਸ਼ ਲਾਉਣ ਵਾਲੇ ਮਜ਼ਦੂਰਾਂ ਬਿਆਨ ਲਿਖਵਾਏ ਤੇ ਕਿਹਾ ਕਿ ਉਨ੍ਹਾਂ ਨੂੰ ਜਮਾਂਦਾਰ ਸੰਜੇ ਪਹਿਲੀ ਨਵੰਬਰ ਨੂੰ ਇਥੇ ਲੈ ਕੇ ਆਇਆ ਸੀ। ਉਦੋਂ ਤੋਂ ਉਨ੍ਹਾਂ ਨੂੰ ਨਾ ਕੋਈ ਕੰਮ ਦਿੱਤਾ ਗਿਆ ਤੇ ਨਾ ਪੈਸੇ ਦਿੱਤੇ ਗਏ ਅਤੇ ਪੈਸੇ ਮੰਗਣ ਉਤੇ ਕੁੱਟਮਾਰ ਕੀਤੀ ਜਾਂਦੀ ਹੈ ਤੇ ਉਨ੍ਹਾਂ ਨੂੰ ਘਰਾਂ ਨੂੰ ਨਹੀਂ ਜਾਣ ਦਿੱਤਾ ਜਾਂਦਾ। ਉਨ੍ਹਾਂ ਕਿਹਾ ਕਿ ਭੱਠਾ ਮਾਲਕਾਂ ਅਤੇ ਜਮਾਂਦਾਰ ਦੇ ਚੁੰਗਲ ਵਿੱਚੋਂ ਨਿਕਲ ਕੇ ਗਈ ਊਸ਼ਾ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ, ਪਰ ਇਸ ਦੇ ਬਾਵਜੂਦ ਬੰਦ ਖਲਾਸੀ ਨਹੀਂ ਹੋਈ। ਨਾਇਬ ਤਹਿਸੀਲਦਾਰ ਨੇ ਸਮੁੱਚੇ ਮਜ਼ਦੂਰਾਂ ਦੇ ਬਿਆਨ ਦਰਜ ਕਰਨ ਪਿੱਛੋਂ ਸਭ ਨੂੰ ਆਪਣੀ ਦੇਖ ਰੇਖ ਹੇਠ ਭੱਠੇ ਤੋਂ ਮੁਕਤੀ ਦਿਵਾਈ ਅਤੇ ਉਨ੍ਹਾਂ ਨੂੰ ਬਨੂੜ ਦੇ ਸਿਵਲ ਹਸਪਤਾਲ ਵਿੱਚ ਲਿਆਂਦਾ।

# ਕਾਰ ਉਤੇ ਪਿਸ਼ਾਬ ਕਰਨ ਨੂੰ ਲੈ ਕੇ ਹਮਲਾ ਕਰ ਦਿੱਤਾ

ਬਠਿੰਡਾ, 4 ਦਸੰਬਰ (ਪੋਸਟ ਬਿਊਰੋ)- ਰੋਡ 'ਤੇ ਖੜੇ ਪਿਸ਼ਾਬ ਕਰਦੇ ਨੌਜਵਾਨਾਂ ਤੋਂ ਸਾਈਡ ਮੰਗੀ ਤਾਂ ਸ਼ਰਾਬ ਦੇ ਨਸ਼ੇ ਵਿੱਚ ਧੁੱਤ ਨੌਜਵਾਨਾਂ ਨੇ ਕਾਰ 'ਤੇ ਪਿਸ਼ਾਬ ਕਰ ਦਿੱਤਾ। ਏਦਾਂ ਕਰਨ ਤੋਂ ਰੋਕਣ 'ਤੇ ਇੱਟਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਚਾਲਕ ਨੂੰ ਗੰਭੀਰ ਜ਼ਖਮੀ ਕਰਨ ਪਿੱਛੋਂ 32 ਬੋਰ ਦਾ ਪਿਸੌਤਲ ਖੋਹ ਕੇ ਲੈ ਗਏ। ਐੱਸ ਐੱਚ ਓ ਕੋਤਵਾਲੀ ਦਵਿੰਦਰ ਸਿੰਘ ਨੇ ਦੱਸਿਆ ਕਿ ਦੋਸ਼ੀਆਂ ਦੀ ਪਛਾਣ ਹੋਣ ਦੇ ਬਾਅਦ ਕੇਸ ਦਰਜ ਕੀਤਾ ਜਾਏਗਾ। ਜਨਤਾ ਨਗਰ ਦੇ ਜਗਜੀਤ ਸਿੰਘ ਨੇ ਦੱਸਿਆ ਕਿ ਐਤਵਾਰ ਰਾਤ ਉਸ ਦਾ ਭਰਾ ਗੁਰਜੀਤ ਸਿੰਘ ਮੰਗੇਤਰ ਦੇ



ਨਾਲ ਬਾਜ਼ਾਰ ਵਿੱਚ ਆਈਸ ਕਰੀਮ ਖਾਣ ਪਿੱਛੋਂ ਤਿੰਨਕੋਨੀ ਨੇੜੇ ਸਥਿਤ ਮਾਨ ਪੈਟਰੋਲ ਪੰਪ ਦੇ ਨੇੜਿਉਂ ਲੰਘ ਰਿਹਾ ਸੀ। ਕਰੀਬ 10 ਵਜੇ ਪੰਪ ਦੇ ਨੇੜੇ ਅਹਾਤੇ ਵਿੱਚ ਸ਼ਰਾਬ ਪੀ ਰਹੇ ਪੰਜ-ਛੇ ਨੌਜਵਾਨ ਰੋਡ 'ਤੇ ਪਿਸ਼ਾਬ ਕਰ ਰਹੇ ਸਨ। ਭਰਾ ਨੇ ਹਾਰਨ ਵਜਾ ਕੇ ਸਾਈਡ ਮੰਗੀ ਤਾਂ ਨੌਜਵਾਨ ਨਹੀਂ ਹਟੇ ਅਤੇ ਦੂਸਰੀ ਵਾਰ ਹਾਰਨ ਮਾਰਨ 'ਤੇ ਕਾਰ ਦੇ ਅੱਗੇ ਖੜ੍ਹੇ ਹੋ ਕੇ ਪਿਸ਼ਾਬ ਕਰਨ ਲੱਗੇ। ਭਰਾ ਨੇ ਕਾਰ ਤੋਂ ਬਾਹਰ ਆ ਕੇ ਸ਼ਰਮ ਕਰਨ ਦੀ ਗੱਲ ਕਹੀ ਤਾਂ ਭੜਕੇ ਨੌਜਵਾਨਾਂ ਨੇ ਉਸ ਦੀ ਕੁੱਟਮਾਰ ਕਰ ਦਿੱਤੀ। ਇੰਨੇ ਵਿੱਚ ਨੌਜਵਾਨਾਂ ਦੇ ਹੋਰ 10-12 ਦੋਸਤ ਆ ਗਏ। ਉਨ੍ਹਾਂ ਨੇ ਪਹਿਲਾਂ ਕਾਰ 'ਤੇ ਇੱਟਾਂ ਮਾਰੀਆਂ ਅਤੇ ਉਸ ਦੇ ਬਾਅਦ ਭਰਾ 'ਤੇ ਹਮਲਾ ਕਰ ਕੇ ਸਿਰ ਪਾੜ ਦਿੱਤਾ। ਪਤਾ ਲੱਗਣ 'ਤੇ ਉਸ ਨੇ ਪੁਲਸ ਕੰਟਰੋਲ ਰੂਮ ਵਿੱਚ ਸੂਚਨਾ ਦਿੱਤੀ। ਪੁਲਸ ਦੇ ਪਹੁੰਚਣ ਤੋਂ ਪਹਿਲਾਂ ਦੋਸ਼ੀ ਫਰਾਰ ਹੋ ਗਏ।

# ਕਰੋੜਪਤੀ ਔਰਤ ਦੀ ਭਾਲ ਲਈ ਹਾਈ ਕੋਰਟ ਵੱਲੋਂ ਵਿਸ਼ੇਸ਼ ਜਾਂਚ ਟੀਮ ਬਣਾਈ ਗਈ




ਹਰਿਆਣਾ, 4 ਦਸੰਬਰ (ਪੋਸਟ ਬਿਊਰੋ)- ਪਿਛਲੇ ਤਿੰਨ ਸਾਲਾਂ ਤੋਂ ਅਗਵਾ ਹੋਈ ਔਰਤ ਦੀ ਕੋਈ ਜਾਣਕਾਰੀ ਨਾ ਮਿਲਣ ਉਤੇ ਹਾਈ ਕੋਰਟ ਨੇ ਸਿੱਟ (ਵਿਸ਼ੇਸ਼ ਜਾਂਚ ਟੀਮ) ਬਣਾ ਕੇ ਪੁਲਸ ਦੇ ਵੱਡੇ ਅਫਸਰਾਂ ਨੂੰ ਸ਼ਾਮਲ ਕੀਤਾ ਹੈ।

ਹੁਸ਼ਿਆਰਪੁਰ ਜ਼ਿਲੇ ਦੇ ਥਾਣਾ ਹਰਿਆਣਾ ਦੇ ਇੰਚਾਰਜ ਇੰਸਪੈਕਟਰ ਦਿਲਬਾਗ ਸਿੰਘ ਦੇ ਮੁਤਾਬਕ ਕਮਲਾ ਦੇਵੀ ਪਤਨੀ ਬਲਵੰਤ ਰਾਏ ਵਾਸੀ ਘਚਲਿਆਂ ਦਾ ਬਾਗ ਹਰਿਆਣਾ (ਹੁਸ਼ਿਆਰਪੁਰ) ਨੂੰ ਅਗਵਾ ਕਰਨ ਦੇ ਦੋਸ਼ ਤਹਿਤ ਉਸ ਦੇ ਲੜਕੇ ਕੇਸ਼ਵ ਦੇ ਬਿਆਨਾਂ ਉਤੇ ਧਾਰਾ 365 ਆਈ ਪੀ ਸੀ ਦਾ ਕੇਸ ਦਰਜ ਕੀਤਾ ਗਿਆ ਸੀ ਅਤੇ ਉਸੇ ਦਿਨ ਤੋਂ ਪੁਲਸ ਵੱਲੋਂ ਅਗਵਾ ਹੋਈ ਕਮਲਾ ਦੇਵੀ ਦੀ ਭਾਲ ਕੀਤੀ ਜਾ ਰਹੀ ਹੈ, ਪਰ ਅਜੇ ਤੱਕ ਸਫਲਤਾ ਨਹੀਂ ਮਿਲੀ। ਹਾਈ ਕੋਰਟ ਵੱਲੋਂ ਬਣਾਈ ਜਾਂਚ ਟੀਮ ਵਿੱਚ ਆਈ ਜੀ ਕਰਾਈਮ ਐਲ ਕੇ ਯਾਦਵ, ਏ ਆਈ ਜੀ ਭੁਪਿੰਦਰ ਸਿੰਘ ਅਤੇ ਐੱਸ ਐੱਸ ਪੀ ਹੁਸ਼ਿਆਰਪੁਰ ਜੇ. ਇਲਨਚੇਜ਼ੀਅਨ ਨੂੰ ਮੈਂਬਰ ਬਣਾਇਆ ਗਿਆ ਹੈ। ਉਸ ਔਰਤ ਦੇ ਨਾਂਅ 'ਤੇ ਕਸਬਾ ਹਰਿਆਣਾ ਵਿੱਚ ਕਰੋੜਾਂ ਦੀ ਕੀਮਤ ਵਾਲੀ ਸੱਤ ਕਿੱਲੇ ਜੱਦੀ ਜ਼ਮੀਨ ਸੀ, ਜਿਸ ਨੂੰ ਕੁਝ ਲੋਕਾਂ ਨੇ ਸਾਜਿਸ਼ ਨਾਲ ਖੁਰਦ ਬੁਰਦ ਕਰ ਕੇ ਵੱਖ-ਵੱਖ ਨਾਵਾਂ ਉੱਤੇ ਰਜਿਸਟਰੀਆਂ ਕਰਵਾ ਲਈਆਂ ਸਨ। ਉਸ ਔਰਤ ਦੀ ਦਿਮਾਗੀ ਹਾਲਤ ਠੀਕ ਨਹੀਂ ਅਤੇ ਉਸ ਦੇ ਲੜਕੇ ਵੀ ਦਿਮਾਗੀ ਤੌਰ 'ਤੇ ਤੰਦਰੁਸਤ ਨਹੀਂ। ਇਨ੍ਹਾਂ ਕੋਲੋਂ ਜੱਦੀ ਜ਼ਮੀਨ ਬਿਨਾਂ ਰਕਮ ਅਦਾ ਕੀਤੇ ਕੁਝ ਲੋਕਾਂ ਨੇ ਹਥਿਆ ਲਈ ਸੀ। ਲਗਭਗ ਤਿੰਨ ਸਾਲਾਂ ਤੋਂ ਉਹ ਲਾਪਤਾ ਹੋ ਗਈ, ਜਿਸ ਦੇ ਅਗਵਾ ਹੋਣ ਬਾਰੇ ਮਾਮਲਾ ਦਰਜ ਕੀਤਾ ਗਿਆ ਸੀ।

# ਐੱਨ ਜੀ ਟੀ ਨੇ ਦਿੱਲੀ ਸਰਕਾਰ ਉੱਤੇ ਵੀ 25 ਕਰੋੜ ਦਾ ਜੁਰਮਾਨਾ ਠੋਕਿਆ




ਨਵੀਂ ਦਿੱਲੀ, 4 ਦਸੰਬਰ (ਪੋਸਟ ਬਿਊਰੋ)- ਦਿੱਲ ਵਿੱਚ ਪ੍ਰਦੂਸ਼ਣ ਤੋਂ ਨਿਜਾਤ ਦਿਵਾਉਣ 'ਚ ਅਸਫਲ ਰਹੀ ਅਰਵਿੰਦ ਕੇਜਰੀਵਾਲ ਦੀ ਸਰਕਾਰ 'ਤੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨ ਜੀ ਟੀ) ਨੇ ਕੱਲ੍ਹ ਸਖਤ ਕਾਰਵਾਈ ਕਰਦੇ ਹੋਏ 25 ਕਰੋੜ ਰੁਪਏ ਦਾ ਭਾਰੀ ਜੁਰਮਾਨਾ ਠੋਕਿਆ ਹੈ ਅਤੇ ਇਸ ਦੀ ਅਦਾਇਗੀ ਨਾ ਕਰਨ 'ਤੇ ਹਰ ਮਹੀਨੇ 10 ਕਰੋੜ ਦਾ ਵਾਧੂ ਜੁਰਮਾਨਾ ਲੱਗੇਗਾ, ਜਿਸ ਤੋਂ ਸਰਕਾਰ ਕਸੂਤੀ ਫਸ ਗਈ ਹੈ। ਦਿੱਲੀ ਦੀ ਹਵਾ ਗੁਣਵੱਤਾ ਸਥਾਨਕ ਪ੍ਰਦੂਸ਼ਣ ਤੱਤਾਂ ਕਾਰਨ ਬੀਤੇ ਹਫਤੇ 'ਖਰਾਬ' ਅਤੇ 'ਬਹੁਤ ਖਰਾਬ' ਦੀ ਸ਼੍ਰੇਣੀ ਵਿਚਾਲੇ ਝੂਲਦੀ ਰਹੀ। ਅਧਿਕਾਰੀਆਂ ਨੇ ਆਉਂਦੇ ਦਿਨਾਂ ਵਿੱਚ ਪ੍ਰਦੂਸ਼ਣ ਦਾ ਪੱਧਰ ਹੋਰ ਵਧਣ ਦਾ ਅਨੁਮਾਨ ਜ਼ਾਹਰ ਕੀਤਾ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ ਪੀ ਸੀ ਬੀ) ਨੇ ਹਵਾ ਗੁਣਵੱਤਾ ਸੂਚਕ ਅੰਕ (ਏ ਕਿਊ ਆਈ) 314 ਦਰਜ ਕੀਤਾ, ਜੋ ਬੇਹੱਦ ਖਰਾਬ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਜ਼ੀਰੋ ਤੋਂ 50 ਅੰਕ ਤੱਕ ਹਵਾ ਗੁਣਵੱਤਾ ਸੂਚਕ ਅੰਕ 'ਚੰਗਾ', 51 ਤੋਂ 100 ਤੱਕ 'ਸੰਤੋਸ਼ਜਨਕ' 101 ਤੋਂ 200 ਤੱਕ ਦਰਮਿਆਨਾ, 201 ਤੋਂ 300 ਦੇ ਪੱਧਰ ਨੂੰ 'ਖਰਾਬ', 301 ਤੋਂ 400 ਦੇ ਪੱਧਰ ਬੇਹੱਦ ਖਰਾਬ' ਤੇ 401 ਤੋਂ 500 ਦੇ ਪੱਧਰ ਨੂੰ 'ਗੰਭੀਰ' ਸ਼੍ਰੇਣੀ 'ਚ ਰੱਖਿਆ ਜਾਂਦਾ ਹੈ।

# ਸੋਨੇ ਨਾਲ ਬਣੀਆਂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਸ਼ਰਤਾਂ ਨਾਲ ਐਕਸਪੋਰਟ ਹੋਣਗੀਆਂ



ਨਵੀਂ ਦਿੱਲੀ, 4 ਦਸੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਕੁਝ ਸ਼ਰਤਾਂ ਦੇ ਨਾਲ ਅੱਠ ਤੋਂ ਲੈ ਕੇ 24 ਕੈਰੇਟ ਤੱਕ ਦੇ ਸੋਨੇ ਨਾਲ ਬਣੀਆਂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਐਕਸਪੋਰਟ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਵਪਾਰ ਮੰਤਰਾਲਾ ਦੇ ਨੋਟੀਫਿਕੇਸ਼ਨ 'ਚ ਇਹ ਜਾਣਕਾਰੀ ਦਿੱਤੀ ਗਈ ਹੈ। ਇਸ ਤਰ੍ਹਾਂ ਦੀ ਐਕਸਪੋਰਟ ਸਿਰਫ ਘਰੇਲੂ ਡਿਊਟੀ ਵਾਲੇ ਖੇਤਰਾਂ ਤੋਂ ਹੀ ਕੀਤੀ ਜਾ ਸਕੇਗੀ ਅਤੇ ਚੌਕਸੀ ਰੱਖੀ ਜਾਵੇਗੀ।

ਡਾਇਰੈਕਟੋਰੇਟ ਜਨਰਲ ਆਫ ਫਾਰੇਨ ਟਰੇਡ (ਡੀ ਜੀ ਐੱਫ ਟੀ) ਵੱਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਅੱਠ ਤੋਂ ਲੈ ਕੇ 24 ਕੈਰੇਟ ਤੱਕ ਦੇ ਸੋਨੇ ਨਾਲ ਬਣੀਆਂ ਸਿਰਫ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਦੀ ਐਕਸਪੋਰਟ ਦੀ ਮਨਜ਼ੂਰੀ ਦਿੱਤੀ ਗਈ ਹੈ। ਇਸ ਦੇ ਲਈ ਵਿਦੇਸ਼ੀ ਵਪਾਰ ਨੀਤੀ 'ਚ ਜ਼ਰੂਰੀ ਸੋਧ ਕੀਤੀ ਗਈ ਹੈ। ਇਹ ਐਕਸਪੋਰਟ ਘਰੇਲੂ ਡਿਊਟੀ ਖੇਤਰਾਂ ਤੋਂ ਕੀਤੀ ਜਾ ਸਕੇਗੀ। ਇਸ ਤਰ੍ਹਾਂ ਦੀ ਐਕਸਪੋਰਟ ਦੀ ਸਰਕਾਰੀ ਮਾਨਤਾ ਪ੍ਰਾਪਤ ਕੀਮਤ ਤੈਅ ਕਰਨ ਵਾਲਿਆਂ ਵੱਲੋਂ ਸੌ ਫੀਸਦੀ ਜਾਂਚ ਕੀਤੀ ਜਾਵੇਗੀ। ਬਰਾਮਦ ਦੀ ਤਰੀਕ ਤੋਂ ਤਿੰਨ ਮਹੀਨਿਆਂ ਅੰਦਰ ਵਿਦੇਸ਼ਾਂ ਤੋਂ ਭੁਗਤਾਨ ਪ੍ਰਾਪਤ ਕਰਨਾ ਹੋਵੇਗਾ ਅਤੇ ਐਕਸਪੋਰਟਰ ਵੱਲੋਂ ਆਰਡਰ ਨੂੰ ਲਾਜ਼ਮੀ ਰੂਪ ਨਾਲ ਡਾਇਰੈਕਟੋਰੇਟ ਵਿੱਚ ਜਮ੍ਹਾ ਕਰਨਾ ਹੋਵੇਗਾ। ਮੂਰਤੀਆਂ ਦੀ ਐਕਸਪੋਰਟ 'ਚ ਧਾਰਮਿਕ ਮੂਰਤੀ ਤੇ ਦੂਜੀ ਤਰ੍ਹਾਂ ਦੀਆਂ ਸਾਧਾਰਨ ਮੂਰਤੀਆਂ ਵਿਚਾਲੇ ਸਪੱਸ਼ਟ ਅੰਤਰ ਰੱਖਣਾ ਹੋਵੇਗਾ ਅਤੇ ਉਲੰਘਣਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਪਾਕਿ ਨੇ ਕਰਤਾਰਪੁਰ ਸਰਹੱਦ ਉੱਤੇ ਇਮੀਗ੍ਰੇਸ਼ਨ ਕੇਂਦਰ ਖੋਲ੍ਹਿਆ

ਲਾਹੌਰ, 4 ਦਸੰਬਰ (ਪੋਸਟ ਬਿਊਰੋ)- ਕਰਤਾਰਪੁਰ ਸਾਹਿਬ ਜਾਣ ਵਾਲੇ ਸਿੱਖ ਸ਼ਰਧਾਲੂਆਂ ਲਈ ਇਤਿਹਾਸਕ ਲਾਂਘੇ ਦਾ ਨੀਂਹ ਪੱਥਰ ਰੱਖਣ ਪਿੱਛੋਂ ਪਾਕਿਸਤਾਨ ਨੇ ਕਰਤਾਰਪੁਰ ਸਰਹੱਦ ਉਤੇ ਇਮੀਗ੍ਰੇਸ਼ਨ ਕੇਂਦਰ ਖੋਲ੍ਹ ਦਿੱਤਾ ਹੈ।

ਇਸ ਬਾਰੇ ਫੈਡਰਲ ਇਨਵੈਸਟੀਗੇਸ਼ਨ ਏਜੰਸੀ (ਐਫ ਆਈ ਏ) ਦੇ ਡਿਪਟੀ ਡਾਇਰੈਕਟਰ ਮੁਫਖਰ ਅਦੀਲ ਨੇ ਕਿਹਾ, 'ਬਾਰਡਰ ਪਾਰ ਕਰਨਾ ਦਹਿਸ਼ਤਗਰਦਾਂ, ਮਨੁੱਖੀ ਤਸਕਰੀ ਕਰਨ ਵਾਲਿਆਂ ਅਤੇ ਨਸ਼ਾ ਤਸਕਰਾਂ ਲਈ ਆਸਾਨ ਹੋ ਸਕਦਾ ਹੈ, ਇਸ ਲਈ ਸਰਹੱਦ ਦੇ ਦੋਵੇਂ ਪਾਸਿਆਂ ਉਤੇ ਸਥਿਤੀ ਕੰਟਰੋਲ ਰੱਖਣ ਲਈ ਮਜ਼ਬੂਤ ਢਾਂਚੇ ਦੀ ਲੋੜ ਸੀ। ਉਨ੍ਹਾਂ ਡਾਅਨ ਨਿਊਜ਼ ਨੂੰ ਦੱਸਿਆ, ਕਰਤਾਰਪੁਰ ਲਾਂਘਾ ਖੋਲ੍ਹਣ ਬਾਰੇ ਐਫ ਆਈ ਏ ਨੇ ਨਾਰੋਵਾਲ (ਲਾਹੌਰ ਤੋਂ 120 ਕਿਲੋਮੀਟਰ ਦੂਰ) ਵਿਖੇ ਕਰਤਾਰਪੁਰ ਬਾਰਡਰ ਉੱਤੇ ਇੱਕ ਇਮੀਗ੍ਰੇਸ਼ਨ ਕੇਂਦਰ ਖੋਲ੍ਹ ਦਿੱਤਾ ਹੈ। ਐਫ ਆਈ ਏ ਦੇ ਅਧਿਕਾਰੀ ਓਥੇ ਸਿੱਖ ਸ਼ਰਧਾਲੂਆਂ ਦੇ ਦਸਤਾਵੇਜ਼ਾਂ ਦੀ ਜਾਂਚ ਕਰਨਗੇ ਅਤੇ ਬਾਇਓਮੀਟਰਿਕ ਪ੍ਰਣਾਲੀ ਰਾਹੀਂ ਉਨ੍ਹਾਂ ਦੀ ਪਛਾਣ ਕਰਨਗੇ। ਵੀਜ਼ਾ ਪ੍ਰਾਪਤ ਸਿੱਖ ਸ਼ਰਧਾਲੂਆਂ ਨੂੰ ਸ਼ਹਿਰ ਵਿੱਚ ਦਾਖਲੇ ਦੀ ਆਗਿਆ ਹੋਵੇਗੀ, ਜਦ ਕਿ ਪਰਮਿਟ ਵਾਲੇ ਸ਼ਰਧਾਲੂਆਂ ਨੂੰ ਸਿਰਫ ਗੁਰਦੁਆਰਾ ਦਰਬਾਰ ਸਾਹਿਬ ਜਾਣ ਦੀ ਆਗਿਆ ਹੋਵੇਗੀ।

ਜ਼ਰੂਰ ਜਾਣੋ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਦੁਪਹਿਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਵਟਸਐਪ ਫਰਜ਼ੀ ਖਬਰਾਂ ਦੇ ਖਿਲਾਫ ਭਾਰਤ 'ਚ ਮੁਹਿੰਮ ਚਲਾਏਗਾ

ਨਵੀਂ ਦਿੱਲੀ, 4 ਦਸੰਬਰ (ਪੋਸਟ ਬਿਊਰੋ)- ਫਰਜ਼ੀ ਖਬਰਾਂ ਬਾਰੇ ਦੁਨੀਆ ਭਰ ਵਿੱਚ ਵਿਵਾਦਾਂ ਵਿੱਚ ਸੋਸ਼ਲ ਮੈਸੇਜਿੰਗ ਸਾਈਟ ਵਟਸਐਪ ਨੇ ਭਾਰਤ ਵਿੱਚ ਟੀ ਵੀ ਮੁਹਿੰਮ ਸ਼ੁਰੂ ਕੀਤੀ ਹੈ। ਰੇਡੀਓ ਦੇ ਰਾਹੀਂ ਮੁਹਿੰਮ ਦੀ ਸ਼ੁਰੂਆਤ ਕਰਨ ਵਾਲੀ ਇਸ ਕੰਪਨੀ ਨੇ ਭਾਰਤ ਵਿੱਚ ਅਗਲੇ ਸਾਲ ਹੋ ਰਹੀਆਂ ਆਮ ਚੋਣਾਂ ਤੋਂ ਪਹਿਲਾਂ ਫਰਜ਼ੀ ਖਬਰਾਂ 'ਤੇ ਲਗਾਮ ਲਾਉਣ ਲਈ ਟੀ ਵੀ ਉੱਤੇ ਜਾਗਰੂਕਤਾ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਹੈ। ਵਟਸਐਪ ਨੇ ਇਕ ਬਿਆਨ ਵਿੱਚ ਕਿਹਾ ਕਿ ਭਾਰਤ ਵਿੱਚ ਗਾਹਕਾਂ ਨਾਲ ਡੂੰਘੀ ਖੋਜ ਅਤੇ ਉਨ੍ਹਾਂ ਦੇ ਅਨੁਭਵਾਂ ਦੇ ਆਧਾਰ ਉਤੇ 60 ਸੈਕਿੰਡ ਦੀਆਂ ਤਿੰਨ ਇਸ਼ਤਿਹਾਰੀ ਫਿਲਮਾਂ ਬਣਾਈਆਂ ਗਈਆਂ ਹਨ। ਇਨ੍ਹਾਂ ਨਾਲ ਪਰਵਾਰ ਤੇ ਬੱਚਿਆਂ ਵਿਚਾਲੇ ਫੈਲਾਈਆਂ ਜਾਣ ਵਾਲੀਆਂ ਫਰਜ਼ੀ ਖਬਰਾਂ ਦੇ ਖਤਰੇ ਪ੍ਰਤੀ ਲੋਕਾਂ ਨੂੰ ਚੌਕਸ ਕੀਤਾ ਗਿਆ ਹੈ। ਲੋਕਾਂ ਨੂੰ ਵਟਸਐਪ ਪਲੇਟਫਾਰਮ ਦੀ ਵਰਤੋਂ ਫਰਜ਼ੀ ਖਬਰਾਂ ਨੂੰ ਫੈਲਾਉਣ ਲਈ ਨਾ ਕਰਨ ਅਤੇ ਉਸ 'ਤੇ ਰੋਕ ਲਾਉਣ ਲਈ ਕਰਨ ਦੀ ਬੇਨਤੀ ਕੀਤੀ ਗਈ ਹੈ। ਫਰਜ਼ੀ ਖਬਰਾਂ ਫੈਲਾਉਣ ਵਾਲੇ ਗਰੁੱਪ ਤੋਂ ਹਟਣ ਦੀ ਵੀ ਸਲਾਹ ਦਿੱਤੀ ਗਈ ਹੈ। ਇਨ੍ਹਾਂ ਇਸ਼ਤਿਹਾਰਾਂ ਦਾ ਪ੍ਰਸਾਰਨ ਟੀ ਵੀ, ਸਿਨੇਮਾ ਅਤੇ ਆਨਲਾਈਨ ਪਲੇਟਫਾਰਮ ਦੇ ਨਾਲ ਪ੍ਰਿੰਟ ਮੀਡੀਆ ਰਾਹੀਂ ਵੀ ਕੀਤਾ ਜਾਵੇਗਾ। ਭਾਰਤ 'ਚ ਵੱਧ ਤੋਂ ਵੱਧ ਗਾਹਕਾਂ ਤੱਕ ਪਹੁੰਚ ਕਰਨ ਲਈ ਇਨ੍ਹਾਂ ਇਸ਼ਤਿਹਾਰੀ ਫਿਲਮਾਂ ਨੂੰ ਨੌਂ ਭਾਸ਼ਾਵਾਂ ਵਿੱਚ ਤਿਆਰ ਕੀਤਾ ਗਿਆ ਹੈ, ਜਿਹੜੀਆਂ ਟੀ ਵੀ, ਫੇਸਬੁੱਕ ਅਤੇ ਯੂ ਟਿਊਬ 'ਤੇ ਉਪਲੱਬਧ ਹੋਣਗੀਆਂ। ਇਨ੍ਹਾਂ ਭਾਸ਼ਾਵਾਂ ਵਿੱਚ ਅੰਗਰੇਜ਼ੀ, ਹਿੰਦੀ, ਬੰਗਾਲੀ, ਕੰਨੜ, ਤੇਲਗੂ, ਅਸਮੀ, ਗੁਜਰਾਤੀ, ਮਰਾਠੀ ਅਤੇ ਮਲਆਲਮ ਸ਼ਾਮਲ ਹਨ।

ਇਸ ਕੰਪਨੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਰਾਜਸਥਾਨ ਅਤੇ ਤੇਲੰਗਾਨਾ ਚੋਣਾਂ ਤੋਂ ਪਹਿਲਾਂ ਇਹ ਮੁਹਿੰਮ ਸ਼ੁਰੂ ਕੀਤੀ ਗਈ ਹੈ ਤੇ ਅਗਲੇ ਸਾਲ ਆਮ ਚੋਣਾਂ ਤੋਂ ਪਹਿਲਾਂ ਹੋਰ ਜ਼ੋਰ ਫੜੇਗੀ। ਵਟਸਐਪ ਪਲੇਟਫਾਰਮ 'ਤੇ ਫਰਜ਼ੀ ਖਬਰਾਂ ਦੇ ਜਾਰੀ ਹੋਣ ਨਾਲ ਮੌਬ ਲਿੰਚਿੰਗ ਦੀਆਂ ਕਈ ਘਟਨਾਵਾਂ ਦੇ ਸਾਹਮਣੇ ਆਉਣ ਪਿੱਛੋਂ ਕੰਪਨੀ ਨੂੰ ਸਰਕਾਰ ਦੇ ਸਖਤ ਰੁਖ਼ ਦਾ ਸਾਹਮਣਾ ਕਰਨਾ ਪਿਆ ਹੈ। ਸਰਕਾਰ ਨੇ ਕੰਪਨੀ ਨੂੰ ਦੋ ਨੋਟਿਸ ਭੇਜੇ ਸਨ ਤੇ ਫਰਜ਼ੀ ਖਬਰਾਂ 'ਤੇ ਰੋਕ ਲਾਉਣ ਦੇ ਨਿਰਦੇਸ਼ ਦਿੱਤੇ ਸਨ। ਸਰਕਾਰ ਨੇ ਕਾਨੂੰਨੀ ਕਾਰਵਾਈ ਦੀ ਵੀ ਚਿਤਾਵਨੀ ਦਿੱਤੀ ਸੀ। ਇਸ ਤੋਂ ਪਹਿਲਾਂ ਵਟਸਐਪ ਨੇ ਫਰਜ਼ੀ ਖਬਰਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਰੇਡੀਓ ਮੁਹਿੰਮ ਵੀ ਚਲਾਈ ਸੀ।

UPPAL LAW
FREE CONSULTATION !
Avtar Uppal
Manager
Aman Uppal
BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep

SOLD $645,000 Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।

FOR SALE $799,900 Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

FOR SALE $1,129,900 Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ ।



# ਸੰਪਾਦਕੀ

## ਕੀ ਕੈਨੇਡਾ ਦੇ ਵਕੀਲ ਅਤੇ ਜੱਜ ਸਚਮੁੱਚ ਭ੍ਰਿਸ਼ਟ ਹਨ?

ਉਂਟੇਰੀਓ ਸਿਵਲ ਲਿਬਰਟੀਜ਼ ਐਸੋਸੀਏਸ਼ਨ ਵੱਲੋਂ ਕੱਲ ਟੋਰਾਂਟੋ ਪੁਲੀਸ ਦੇ ਸਾਬਕਾ ਡੀਟੈਕਟਿਵ ਸਾਰਜੰਟ ਡੋਨਾਲਡ ਬੈਸਟ ਨੂੰ 2018 ਦਾ ਸਿਵਲ ਲਿਬਰਟੀਜ਼ ਅਵਾਰਡ ਪ੍ਰਦਾਨ ਕੀਤਾ ਹੈ। ਸਿਵਲ ਲਿਬਰਟੀਜ਼ ਵੱਲੋਂ ਜਾਰੀ ਕੀਤੇ ਗਏ ਪਰੈੱਸ ਰੀਲੀਜ਼ ਅਤੇ ਇੱਕ ਅਖਬਾਰ ਨੂੰ ਛੱਡ ਕੇ ਇਸ ਅਵਾਰਡ ਬਾਰੇ ਕਿਸੇ ਮੀਡੀਆ ਜਾਂ ਨਿਊਜ਼ ਆਊਟਲੈੱਟ ਨੇ ਚਰਚਾ ਨਹੀਂ ਕੀਤੀ ਹੈ। ਡੋਨਾਲਡ ਬੈਸਟ ਨੂੰ ਕੈਨੇਡਾ ਦੇ ਉਹਨਾਂ ਲੋਕਾਂ ਵਿੱਚ ਗਿਣਿਆ ਜਾਂਦਾ ਹੈ ਜਿਹਨਾਂ ਨੇ ਪੁਲੀਸ ਅਫ਼ਸਰਾਂ, ਜੱਜਾਂ, ਵਕੀਲਾਂ ਅਤੇ ਸਿਆਸਤਦਾਨਾਂ ਦੇ ਸੰਗਠਿਤ ਜੁਰਮਾਂ ਵਿੱਚ ਸ਼ਾਮਲ ਹੋਣ ਦੇ ਸਿਲਸਿਲੇ ਦਾ ਪਰਦਾਫਾਸ਼ ਕਰਨ ਲਈ ਆਵਾਜ਼ ਚੁੱਕੀ ਹੈ। ਸਿਵਲ ਲਿਬਰਟੀਜ਼ ਐਸੋਸੀਏਸ਼ਨ ਮੁਤਾਬਕ ਉਹ ਇੱਕ ਅਜਿਹਾ ਸਾਬਕਾ ਪੁਲੀਸ ਅਫ਼ਸਰ ਹੈ ਜਿਸਨੇ ਅਦਾਲਤਾਂ ਦੇ ਜੱਜਾਂ ਵੱਲੋਂ ਗੁਪਤ ਢੰਗ ਨਾਲ ਜਾਂਚ ਕਰਨ ਅਤੇ ਅਦਾਲਤੀ ਆਰਡਰ ਲਿਖਣ, ਵਕੀਲਾਂ ਵੱਲੋਂ ਝੂਠੇ ਦਸਤਾਵੇਜ਼ ਦਾਖ਼ਲ ਕਰਨ ਅਤੇ ਅਦਾਲਤੀ ਸਿਸਟਮ ਨੂੰ ਥਾਂ ਸਿਰ ਰੱਖਣ ਲਈ ਜੁੰਮੇਵਾਰ ਲਾਅ ਸੁਆਇਟੀ ਆਫ ਉਂਟੇਰੀਓ ਅਤੇ ਕੈਨੇਡੀਅਨ ਜੁਡੀਸ਼ੀਅਲ ਕਾਉਂਸਲ ਵੱਲੋਂ ਆਪਣਾ ਕੰਮ ਦਿਆਨਤਦਾਰੀ ਨਾ ਕਰਨ ਨੂੰ ਪਬਲਿਕ ਦੇ ਸਾਹਮਣੇ ਲਿਆਉਣ ਵਿੱਚ ਵੱਡਾ ਰੋਲ ਅਦਾ ਕੀਤਾ ਹੈ।

ਡੋਨਾਲਡ ਬੈਸਟ ਦਾ ਕੇਸ ਇਸ ਗੱਲ ਨੂੰ ਸਮਝਣ ਵਿੱਚ ਮਦਦ ਕਰਦਾ ਹੈ ਕਿ ਵੱਡੀ ਗਿਣਤੀ ਵਿੱਚ ਲੋਕ ਆਪਣੇ ਵਿਰੁੱਧ ਹੋਏ ਕੇਸਾਂ ਨੂੰ ਕਿਸੇ ਵਕੀਲ ਦੀ ਸੇਵਾ ਲੈਣ ਦੀ ਥਾਂ ਆਖਰ ਨੂੰ ਖੁਦ ਲੜਨ ਨੂੰ ਕਿਉਂ ਮਜਬੂਰ ਹੁੰਦੇ ਹਨ? ਬਹੁਤ ਉਹ ਲੋਕ ਹੁੰਦੇ ਹਨ ਜਿਹਨਾਂ ਨੇ ਕਿਸੇ ਵਕੀਲ ਦੇ ਗਲਤ ਪ੍ਰੋਫੈਸ਼ਨਲ ਵਤੀਰੇ ਖਿਲਾਫ਼ ਅਦਾਲਤ ਵਿੱਚ ਕੇਸ ਕਰਨਾ ਹੁੰਦਾ ਹੈ ਜਾਂ ਕੀਤਾ ਹੁੰਦਾ ਹੈ ਪਰ ਉਹਨਾਂ ਨੂੰ ਆਪਣਾ ਪੱਖ ਲੜਨ ਵਾਸਤੇ ਵਕੀਲ ਦੀਆਂ ਸੇਵਾਵਾਂ ਹਾਸਲ ਨਹੀਂ ਹੋ ਸਕਦੀਆਂ। ਕਾਰਣ ਕਿ ਵਕੀਲ ਆਪਣੇ ਕਿੱਤੇ ਦੇ ਹਮਸਾਏ/ਭਾਈਵਾਲਾਂ ਵਿਰੁੱਧ ਕੇਸ ਨਹੀਂ ਲੈਣਾ ਚਾਹੁੰਦੇ ਬੇਸ਼ੱਕ ਉਸਦਾ ਕੇਸ ਕਿੰਨਾ ਵੀ ਮਜ਼ਬੂਤ ਕਿਉਂ ਨਾ ਹੋਵੇ।

ਡੋਨਾਲਡ ਬੈਸਟ ਨੇ 2007 ਵਿੱਚ 62 ਵਿਅਕਤੀਆਂ ਵਿਰੁੱਧ ਇੱਕ ਸਿਵਲ ਕੇਸ ਕੀਤਾ ਅਤੇ ਵਿਰੋਧੀ ਧਿਰ ਦੇ ਵਕੀਲਾਂ ਨੇ ਬੈਸਟ ਨੂੰ ਅਦਾਲਤ ਦੇ ਹੁਕਮ ਰੀਸੀਵ ਨਾ ਕਰਨ ਦੀ ਉਲੰਘਣਾ ਕਰਨ ਦਾ ਦੋਸ਼ੀ ਉਸ ਵੇਲੇ ਕਰਾਰ ਕਰਵਾ ਦਿੱਤਾ ਜਦੋਂ ਉਹ ਅਸਲ ਵਿੱਚ ਕੈਨੇਡਾ ਵਿੱਚ ਮੌਜੂਦ ਹੀ ਨਹੀਂ ਸੀ। ਇਸਤੋਂ ਬਾਅਦ ਉਸਦੀਆਂ ਮੁਸ਼ਕਲਾਂ ਦਾ ਦੌਰ ਆਰੰਭ ਹੋ ਗਿਆ। ਕੋਈ ਵੀ ਵਕੀਲ ਉਸਦਾ ਕੇਸ ਹੱਥ ਵਿੱਚ ਲੈਣ ਨੂੰ ਤਿਆਰ ਨਹੀਂ ਸੀ ਹੋ ਰਿਹਾ। ਜੱਜ ਨੇ ਉਸਨੂੰ ਜੇਲ੍ਹ ਕਰ ਦਿੱਤੀ। ਉਸਦਾ ਕੇਸ ਹਰ ਪੱਧਰ ਉੱਤੇ ਅਸਫ਼ਲ ਰਿਹਾ ਜਿਸ ਬਾਰੇ ਬੈਸਟ ਦਾ ਦਾਅਵਾ ਹੈ ਕਿ ਜੱਜਾਂ ਅਤੇ ਵਕੀਲਾਂ ਨੇ ਜੁੰਡਲੀ ਬਣਾ ਕੇ ਉਸਨੂੰ ਸਾਜਸ਼ ਤਹਿਤ ਹਰਾਇਆ ਨਹੀਂ ਤਾਂ ਉਹਨਾਂ ਦਾ ਭਾਂਡਾ ਫੁੱਟ ਜਾਣਾ ਸੀ। ਉਸਦਾ ਇਹ ਵੀ ਦਆਵਾ ਹੈ ਕਿ ਉਂਟੇਰੀਓ ਲਾਅ ਸੁਸਇਟੀ ਅਤੇ ਕੈਨੇਡਾ ਦੀ ਜੁਡੀਸ਼ੀਅਲ ਕਾਉਂਸਲ ਨੇ ਸੱਚੀਆਂ ਹੋਣ ਦੇ ਬਾਵਜੂਦ ਉਸਦੀਆਂ ਸ਼ਿਕਾਇਤਾਂ ਉੱਤੇ ਅਮਲ ਨਹੀਂ ਕੀਤਾ। ਉਹ ਆਪਣੇ ਕੇਸ ਨੂੰ ਅਗਲੀਆਂ ਅਦਾਲਤਾਂ ਵਿੱਚ ਅਪੀਲ ਨਹੀਂ ਕਰ ਸਕਿਆ ਕਿਉਂਕਿ ਅਜਿਹਾ ਕਰਨ ਲਈ ਉਸ ਵਾਸਤੇ ਪਹਿਲਾਂ ਹੇਠਲੀਆਂ ਅਦਾਲਤਾਂ ਵੱਲੋਂ ਕੀਤੇ ਹਰਜਾਨੇ ਨੂੰ ਭਰਨਾ ਲਾਜ਼ਮੀ ਸੀ।

ਬੇਸ਼ੱਕ ਡੋਨਾਲਡ ਬੈਸਟ ਦੇ ਕੇਸ ਬਾਰੇ ਮੀਡੀਆ ਵਿੱਚ ਬਹੁਤੀ ਗੱਲ ਨਹੀਂ ਉਠਾਈ ਗਈ ਪਰ ਸਾਬਕਾ ਫੈਡਰਲ ਕੈਬਨਿਟ ਮੰਤਰੀ ਅਤੇ ਉਂਟੇਰੀਓ ਪ੍ਰੋਵਿੰਸ਼ੀਅਲ ਪੁਲੀਸ ਦੇ ਮੁਖੀ ਜੁਲੀਅਨ ਫੈਂਟੀਨੋ ਨੇ ਉਸਦੇ ਹੱਕ ਵਿੱਚ ਇੱਕ ਹਲਫੀਆ ਬਿਆਨ ਦਾਖਲ ਕੀਤਾ ਸੀ। 34 ਪੰਨਿਆਂ ਦੇ ਆਪਣੇ ਹਲਫੀਆ ਬਿਆਨ ਨਾਲ 100 ਤੋਂ ਵੱਧ ਹੋਰ ਸਬੂਤਾਂ ਵਾਲੇ ਦਸਤਾਵੇਜ਼ ਨੱਥੀ ਕਰਕੇ ਫੈਂਟੀਨੋ ਨੇ ਦਸੰਬਰ 2017 ਵਿੱਚ ਕਿਹਾ ਸੀ ਕਿ ਸਾਡਾ ਇਹ ਫਰਜ਼ ਬਣਦਾ ਹੈ ਕਿ ਅਸੀਂ ਕੈਨੇਡੀਅਨ ਅਦਾਲਤਾਂ ਦੇ ਬੈਕ-ਰੂਮਾਂ ਵਿੱਚ ਹੁੰਦੀਆਂ ਸਾਜਸ਼ਾਂ ਬਾਰੇ ਆਮ ਪਬਲਿਕ ਨੂੰ ਜਾਣੂੰ ਕਰਵਾਈਏ। ਉਸ ਮੁਤਾਬਕ ਅਜਿਹਾ ਕਰਨਾ ਜਰੂਰੀ ਹੈ ਤਾਂ ਜੋ ਆਮ ਪਬਲਿਕ ਦਾ ਵਕੀਲਾਂ ਅਤੇ ਅਦਾਲਤੀ ਨਿਆਂ ਸਿਸਟਮ ਵਿੱਚ ਵਿਸ਼ਵਾਸ਼ ਨਾ ਉੱਠ ਜਾਵੇ। ਫੈਂਟੀਨੋ ਦੇ ਹਲਫੀਆ ਬਿਆਨ ਅਨੁਸਾਰ ਡੋਨਾਲਡ ਬੈਸਟ ਨੂੰ ਜੇਲ੍ਹ ਕਰਨ ਵਾਲੇ ਜੱਜ ਬਰਾਇਨ ਸ਼ੌਗਨੈਸੀ, ਉਸ ਵਿਰੁੱਧ ਕੇਸ ਲੜਨ ਵਾਲੇ ਵਕੀਲਾਂ ਦੇ ਗਰੁੱਪ ਅਤੇ ਕਈ ਪੁਲੀਸ ਅਫ਼ਸਰਾਂ ਨੇ ਝੂਠ ਦਾ ਤਾਣਾਬਾਣ ਬੁਣਿਆ ਹੋਇਆ ਹੈ।

ਡੋਨਾਲਡ ਬੈਸਟ ਦਾ ਆਖਣਾ ਹੈ ਕਿ ਵੱਡੀ ਗਿਣਤੀ ਵਿੱਚ ਵਕੀਲ ਆਪਣੇ ਗਾਹਕਾਂ ਦੇ ਬਿਹਤਰ ਹਿੱਤਾਂ ਦੀ ਥਾਂ ਆਪਣੀ ਪ੍ਰੈਕਟਿਸ ਨੂੰ ਪਹਿਲ ਦੇਂਦੇ ਹਨ, ਜੱਜਾਂ ਨਾਲ ਮਿਲ ਕੇ ਕੰਮ ਕਰਦੇ ਹਨ ਅਤੇ ਸਬੂਤਾਂ ਨਾਲ ਖਿਲਵਾੜ ਕਰਦੇ ਹਨ। ਉਸਦਾ ਦਾਅਵਾ ਕਿੰਨਾ ਸੱਚਾ ਹੈ, ਇਸ ਬਾਰੇ ਤਾਂ ਸਿਵਲ ਲਿਬਰਟੀਜ਼ ਐਸੋਸੀਏਸ਼ਨ ਹੀ ਦੱਸ ਸਕਦੀ ਹੈ ਜਿਸਨੇ ਡੋਨਾਲਡ ਬੈਸਟ ਨੂੰ ਅਵਾਰਡ ਦਿੱਤਾ ਹੈ। ਹਾਂ, ਇਸ ਅਵਾਰਡ ਨੇ ਇੱਕ ਚਰਚਾ ਨੂੰ ਜਰੂਰ ਜਨਮ ਦਿੱਤਾ ਹੈ ਕਿ ਜੇ ਅਦਾਲਤਾਂ ਅਤੇ ਵਕੀਲਾਂ ਦੇ ਕੰਮਕਾਜ ਦੀ ਦਾਲ ਬਿਲਕੁਲ ਕਾਲੀ ਨਹੀਂ ਤਾਂ ਇਸ ਕੁੱਝ ਕਾਲਾ ਜਰੂਰ ਹੋ ਸਕਦਾ ਹੈ।

## ਹੁਣ ਕਾਨੂੰਨ ਦੀ ਨਜ਼ਰ ਤੋਂ ਬਚ ਨਹੀਂ ਸਕੇਗਾ ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲਾ ਕੋਈ ਵੀ ਸ਼ਖ਼ਸ

...ਪੰਨਾ 1 ਦਾ ਬਾਕੀ

ਕੈਨੇਡਾ ਦੇ ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲੇ ਕਾਨੂੰਨ ਵਿੱਚ ਕੀਤੀ ਗਈ ਸੋਧ ਮੁਤਾਬਕ ਪੁਲਿਸ ਅਧਿਕਾਰੀਆਂ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਜਿਹੜੇ ਡਰਾਈਵਰਾਂ ਨੂੰ ਰੋਕਣਗੇ ਬਿਨਾਂ ਕਿਸੇ ਸ਼ੱਕ ਦੇ ਉਨ੍ਹਾਂ ਦੇ ਸਾਹ ਦੀ ਜਾਂਚ ਮੌਕੇ ਉੱਤੇ ਹੀ ਲਾਜ਼ਮੀ ਤੌਰ ਉੱਤੇ ਕਰ ਸਕਣਗੇ। ਹਾਲਾਂਕਿ ਕਿਸੇ ਨੂੰ ਰੋਕਣ ਤੇ ਗੱਡੀ ਤੋਂ ਬਾਹਰ ਕੱਢਣ ਲਈ ਪੁਲਿਸ ਕੋਲ ਅਜਿਹਾ ਕਰਨ ਦਾ ਠੋਸ ਕਾਰਨ ਹੋਣਾ ਜ਼ਰੂਰੀ ਹੋਵੇਗਾ। ਜੇ ਸਬੰਧਤ ਡਰਾਈਵਰ ਸਕਰੀਨਿੰਗ ਵਿੱਚ ਅਸਫਲ ਰਹਿੰਦਾ ਹੈ ਤੇ ਕਾਨੂੰਨੀ ਤੌਰ ਉੱਤੇ ਮਿਥੀ ਗਈ ਹੱਦ ਤੋਂ ਵੱਧ ਸ਼ਰਾਬ ਪੀ ਕੇ ਗੱਡੀ ਚਲਾਉਂਦਾ ਫੜ੍ਹਿਆ ਜਾਂਦਾ ਹੈ ਤਾਂ ਉਸ ਦੇ ਖੂਨ ਵਿੱਚ ਸ਼ਰਾਬ ਦੀ ਮਾਤਰਾ ਦਾ ਪਤਾ ਲਾਉਣ ਲਈ ਦੂਜਾ ਟੈਸਟ ਪੁਲਿਸ ਸਟੇਸ਼ਨ ਵਿੱਚ ਕੀਤਾ ਜਾਵੇਗਾ। ਇਨ੍ਹਾਂ ਤਬਦੀਲੀਆਂ ਤੋਂ ਬਾਅਦ ਕਾਨੂੰਨ ਵਿੱਚ ਮਿਥੀ ਹੱਦ ਨਾਲੋਂ ਵੱਧ ਸ਼ਰਾਬ ਪੀਣ ਦੇ ਦੋ ਘੰਟਿਆਂ ਦੇ ਅੰਦਰ ਅੰਦਰ ਗੱਡੀ ਚਲਾਉਣਾ ਵੀ ਗੈਰਕਾਨੂੰਨੀ ਹੋਵੇਗਾ। ਅਜਿਹਾ ਕਰਨ ਵਾਲੇ ਨੂੰ ਸਖਤ ਜੁਰਮਾਨੇ ਜਾਂ ਸਜ਼ਾ ਦਾ ਸਾਹਮਣਾ ਕਰਨਾ ਹੋਵੇਗਾ।

ਇਹ ਤਬਦੀਲੀਆਂ ਭਾਵੇਂ ਜੂਨ ਵਿੱਚ ਪਾਸ ਹੋ ਗਈਆਂ ਸਨ ਪਰ ਕਾਨੂੰਨ ਦਾ ਇਹ ਹਿੱਸਾ 18 ਦਸੰਬਰ ਤੋਂ ਲਾਗੂ ਹੋਵੇਗਾ। ਉਸ ਸਮੇਂ ਪਾਰਟੀ ਸੀਜ਼ਨ ਵੀ ਪੂਰੀ ਤਰ੍ਹਾਂ ਭਖਿਆ ਹੋਵੇਗਾ ਤੇ ਕੈਨੇਡਾ ਭਰ ਵਿੱਚ ਰਾਈਡ ਪ੍ਰੋਗਰਾਮ ਪੂਰੀ ਤਰ੍ਹਾਂ ਲਾਗੂ ਹੋਣਗੇ। ਇਸ ਨਾਲ ਜਿੱਥੇ ਸੜਕਾਂ ਪੂਰੀ ਤਰ੍ਹਾਂ ਸੁਰੱਖਿਅਤ ਹੋਣ ਦੀ ਸੰਭਾਵਨਾ ਹੈ ਉੱਥੇ ਹੀ ਸਾਲ ਦੇ ਇਸ ਹਿੱਸੇ ਦੌਰਾਨ ਹੋਣ ਵਾਲੇ ਹਾਦਸਿਆਂ ਦੀ ਗਿਣਤੀ ਘਟਣ ਦੀ ਵੀ ਪੂਰੀ ਉਮੀਦ ਹੈ।

PUNJABI RANG RADIO
CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

## ਓਪੀਪੀ ਕਮਿਸ਼ਨਰ ਵਜੋਂ ਪਰਿਵਾਰਕ ਮਿੱਤਰ ਨੂੰ ਚੁਣਨ ਵਿੱਚ ਕੋਈ ਭੂਮਿਕਾ ਨਹੀਂ ਨਿਭਾਈ : ਫੋਰਡ

...ਪੰਨਾ 1 ਦਾ ਬਾਕੀ



ਉਨ੍ਹਾਂ ਆਖਿਆ ਕਿ ਹਾਇਰਿੰਗ ਪੈਨਲ ਵੱਲੋਂ ਸਰਬਸੰਮਤੀ ਨਾਲ ਟੈਵਰਨਰ ਦੇ ਨਾਂ ਉੱਤੇ ਹਾਮੀ ਭਰਨ ਤੋਂ ਬਾਅਦ ਜਦੋਂ ਆਖਰੀ ਮੋਹਰ ਲਾਉਣ ਲਈ ਇਹ ਕੇਸ ਉਨ੍ਹਾਂ ਕੋਲ ਆਇਆ ਤਾਂ ਉਨ੍ਹਾਂ ਨੂੰ ਇਸ ਵਿੱਚ ਕੋਈ ਦਿੱਕਤ ਨਜ਼ਰ ਨਹੀਂ ਆਈ। ਪ੍ਰੀਮੀਅਰ ਨੇ ਇਹ ਵੀ ਆਖਿਆ ਕਿ ਓਪੀਪੀ ਦੇ ਕੰਮਕਾਜ ਵਿੱਚ ਉਨ੍ਹਾਂ ਦਾ ਆਫਿਸ ਦਖਲ ਨਹੀਂ ਦਿੰਦਾ।

ਆਨਲਾਈਨ ਨਿਊਜ਼ ਵੈੱਬਸਾਈਟ ਆਈਪੋਲੀਟਿਕਸ ਮੁਤਾਬਕ ਕਮਿਸ਼ਨਰ ਦੀ ਪੋਸਟ ਲਈ ਉਮੀਦਵਾਰ ਦਾ ਡਿਪਟੀ ਪੁਲਿਸ ਚੀਫ ਜਾਂ ਇਸ ਤੋਂ ਉੱਪਰਲੇ ਰੈਂਕ ਜਾਂ ਅਸਿਸਟੈਂਟ ਕਮਿਸ਼ਨਰ ਜਾਂ ਇਸ ਤੋਂ ਉੱਪਰਲੇ ਰੈਂਕ ਦਾ ਹੋਣਾ ਜ਼ਰੂਰੀ ਹੈ, ਪਰ ਟੈਵਰਨਰ, ਜੋ ਕਿ ਟੋਰਾਂਟੋ ਪੁਲਿਸ ਵਿੱਚ ਸੁਪਰਡੈਂਟ ਸਨ ਇਸ ਯੋਗਤਾ ਨਾਲ ਮੇਲ ਨਹੀਂ ਖਾਂਦੇ। ਇਸ ਉੱਤੇ ਕਮਿਊਨਿਟੀ ਸੇਫਟੀ ਮੰਤਰੀ ਸਿਲਵੀਆ ਜੋਨਜ਼ ਨੇ ਆਖਿਆ ਕਿ ਨਵਾਂ ਕਮਿਸ਼ਨਰ ਚੁਣਨ ਲਈ ਲੋੜੀਂਦੀ ਪ੍ਰਕਿਰਿਆ ਵਾਸਤੇ ਜ਼ਿੰਮੇਵਾਰ ਫਰਮ ਨੇ ਯੋਗਤਾ ਦੀ ਲੋੜ ਨੂੰ ਘਟਾਉਣ ਦਾ ਫੈਸਲਾ ਖੁਦ ਲਿਆ। ਇਸ ਦੇ ਨਾਲ ਹੀ ਉਨ੍ਹਾਂ ਆਖਿਆ ਕਿ ਟੈਵਰਨਰ ਯੋਗ ਉਮੀਦਵਾਰ ਸਨ ਤੇ ਉਨ੍ਹਾਂ ਨੂੰ ਪੁਲਿਸ ਨਾਲ ਸਬੰਧਤ ਦਹਾਕਿਆਂ ਦਾ ਤਜ਼ਰਬਾ ਹੈ।

## ਅਲਬਰਟਾ ਵੱਲੋਂ ਤੇਲ ਉਤਪਾਦਨ ਵਿੱਚ ਕਟੌਤੀ ਦਾ ਐਲਾਨ

...ਪੰਨਾ 1 ਦਾ ਬਾਕੀ

ਤੇ ਸਾਡੇ ਕੋਲ ਇਸ ਨੂੰ ਮੁਨਾਫਾ ਕਮਾਉਣ ਵਾਲੀਆਂ ਮੰਡੀਆਂ ਤੱਕ ਪਹੁੰਚਾਉਣ ਲਈ ਟਰਾਂਸਪੋਰਟ ਕਰਨ ਵਾਸਤੇ ਲੋੜੀਂਦੀ ਪਾਈਪਲਾਈਨ ਸਮਰੱਥਾ ਨਹੀਂ ਹੈ।

ਨੌਟਲੇ ਨੇ ਆਖਿਆ ਕਿ ਅਸੀਂ ਆਪਣੇ ਆਪ ਨੂੰ ਇਸ ਤਰ੍ਹਾਂ ਬੰਧੀ ਬਣਾ ਕੇ ਨਹੀਂ ਰੱਖ ਸਕਦੇ। ਜੇ ਇਸੇ ਤੇਲ ਨੂੰ ਕੈਨੇਡਾ ਤੋਂ ਬਾਹਰ ਵੇਚਿਆ ਜਾਵੇ ਤਾਂ ਇਸ ਦੀ ਕਿਤੇ ਜ਼ਿਆਦਾ ਕੀਮਤ ਮਿਲ ਸਕਦੀ ਹੈ। ਐਨਡੀਪੀ ਦੀ ਪ੍ਰੀਮੀਅਰ ਨੇ ਆਖਿਆ ਕਿ ਪਾਈਪਲਾਈਨ ਸਮਰੱਥਾ ਦੀ ਘਾਟ ਲਈ ਫੈਡਰਲ ਸਰਕਾਰਾਂ ਨੂੰ ਹੀ ਦੋਸ਼ ਦੇਣਾ ਬਣਦਾ ਹੈ। ਉਨ੍ਹਾਂ ਆਖਿਆ ਕਿ ਜਿਹੜੀ ਵੀ ਫੈਡਰਲ ਸਰਕਰ ਸੱਤਾ ਵਿੱਚ ਹੁੰਦੀ ਹੈ, ਕੌਮੀ ਸੰਕਟ ਦਾ ਖਿਆਲ ਉਸ ਨੂੰ ਹੀ ਰੱਖਣਾ ਚਾਹੀਦਾ ਹੈ। ਨੌਟਲੇ ਨੇ ਆਖਿਆ ਕਿ ਸਾਨੂੰ ਇੱਕ ਦੂਜੇ ਉੱਤੇ ਤੁਹਮਤਾਂ ਲਾਉਣ ਦੀ ਥਾਂ ਇਸ ਸਮੱਸਿਆ ਨੂੰ ਹੱਲ ਕਰਨਾ ਚਾਹੀਦਾ ਹੈ। ਸਾਨੂੰ ਸਾਰਾ ਧਿਆਨ ਇਸ ਕੰਮ ਨੂੰ ਸਿਰੇ ਚੜ੍ਹਾਉਣ ਵਿੱਚ ਲਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਇਹ ਮੂਲ ਰੂਪ ਵਿੱਚ ਸਾਡੇ ਅਰਥਚਾਰੇ ਲਈ ਕਾਫੀ ਅਹਿਮ ਹੈ।

ਜ਼ਿਕਰਯੋਗ ਹੈ ਕਿ 2015 ਦੀਆਂ ਚੋਣਾਂ ਦੌਰਾਨ ਕੰਜ਼ਰਵੇਟਿਵਾਂ ਨੇ ਲਗਾਤਾਰ ਪਾਈਪਲਾਈਨ ਦੀ ਉਸਾਰੀ ਦਾ ਸਮਰਥਨ ਕੀਤਾ ਪਰ ਲਿਬਰਲਾਂ ਨੇ ਇਸ ਬਾਰੇ ਕੁੱਝ ਵੀ ਆਖਣ ਤੋਂ ਇਨਕਾਰ ਕੀਤਾ ਕਿ ਕਈ ਪ੍ਰਸਤਾਵਿਤ ਪਾਈਪਲਾਈਨਜ਼ ਦੇ ਨਿਰਮਾਣ ਲਈ ਉਹ ਕੁੱਝ ਠੋਸ ਕਰਨਗੇ।

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਪੈਟ੍ਰਿਕ ਬ੍ਰਾਊਨ ਤੇ ਕਾਊਂਸਲਰਜ਼ ਨੇ ਸਹੁੰ ਚੁੱਕੀ

...ਪੰਨਾ 1 ਦਾ ਬਾਕੀ

ਹੁਣ ਇਹ ਸਾਰੇ ਵਾਰਡ 2 ਤੇ 6 ਦੇ ਰਿਟਰਨਿੰਗ ਕਾਊਂਸਲਰਜ਼ ਡੱਗ ਵ੍ਹਿਲਾਨਜ਼ (ਸਿਟੀ) ਤੇ ਮਾਈਕਲ ਪਾਲੇਸੀ (ਰੀਜਨ), ਵਾਰਡਜ਼ 3 ਤੇ 4 ਤੋਂ ਜੈੱਫ ਬੋਅਮੈਨ (ਸਿਟੀ) ਤੇ ਮਾਰਟਿਨ ਮੇਡੇਰੌਸ (ਰੀਜਨ), ਦੇ ਨਾਲ ਨਾਲ ਵਾਰਡਜ਼ 7 ਤੇ 8 ਲਈ ਨਵੇਂ ਚੁਣੇ ਗਏ ਰੀਜਨਲ ਕਾਊਂਸਲਰਜ਼ ਪੈਟ ਫੋਰਟਿਨੀ ਅਤੇ ਵਾਰਡਜ਼ 9 ਤੇ 10 ਤੋਂ ਗੁਰਪ੍ਰੀਤ ਢਿੱਲੋਂ ਨਾਲ ਕੰਮ ਕਰਨਗੇ। ਆਪਣੇ ਪਿਛਲੇ ਕਾਰਜ ਕਾਲ ਵਿੱਚ ਸਿਟੀ ਕਾਊਂਸਲਰਜ਼ ਵਜੋਂ ਸੇਵਾ ਨਿਭਾਉਣ ਤੋਂ ਬਾਅਦ ਢਿੱਲੋਂ ਤੇ ਫੋਰਟਿਨੀ ਰੀਜਨਲ ਕਾਊਂਸਲ ਵਿੱਚ ਸ਼ਾਮਲ ਹੋ ਗਏ ਹਨ। ਰੀਜਨਲ ਕਾਊਂਸਲਰਜ਼ ਸਿਟੀ ਤੇ ਪੀਲ ਰੀਜਨ ਕਾਊਂਸਲ ਦੋਵਾਂ ਲਈ ਹੀ ਸੇਵਾ ਨਿਭਾਉਣਗੇ।

ਬ੍ਰਾਊਨ ਨੂੰ ਸ਼ਨਿੱਚਰਵਾਰ ਨੂੰ ਓਨਟਾਰੀਓ ਦੇ ਸਾਬਕਾ ਪ੍ਰੀਮੀਅਰ ਬਿੱਲ ਡੇਵਿਸ ਨੇ ਸਹੁੰ ਚੁਕਾਈ ਸੀ। ਇਸ ਸਬੰਧੀ ਵੀਡੀਓ ਸਾਰੇ ਦੇ ਸਾਰੇ 10 ਕਾਊਂਸਲਰਜ਼ ਵੱਲੋਂ ਸਹੁੰ ਚੁੱਕ ਲਏ ਜਾਣ ਤੋਂ ਬਾਅਦ ਵਿਖਾਈ ਗਈ। ਬ੍ਰਾਊਨ ਨੇ ਆਪਣੇ ਸ਼ੁਰੂਆਤੀ ਭਾਸ਼ਣ ਵਿੱਚ ਆਖਿਆ ਕਿ ਉਹ ਨਵੀਂ ਟੀਮ ਨਾਲ ਕੰਮ ਕਰਨ ਲਈ ਬਹੁਤ ਉਤਸ਼ਾਹਿਤ ਹਨ। ਉਨ੍ਹਾਂ ਆਖਿਆ ਕਿ ਸਾਡੇ ਕੋਲ ਅਜਿਹੀ ਸਿਟੀ ਕਾਊਂਸਲ ਹੈ ਜਿਹੜੀ ਸ਼ਹਿਰ ਵਿਚਲੀ ਵੰਨ ਸੁਵੰਨਤਾ ਨੂੰ ਦਰਸਾਉਂਦੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਵਿਲੀਅਮਜ਼ ਸਿਆਹ ਨਸਲ ਦੀ ਪਹਿਲੀ ਮਹਿਲਾ ਹੈ ਜਿਸਦੀ ਬਰੈਂਪਟਨ ਕਾਊਂਸਲ ਵਿੱਚ ਚੋਣ ਕੀਤੀ ਗਈ ਹੈ ਤੇ ਸੈਂਟੋਸ ਫਿਲੀਪੀਨੋ ਵਜੋਂ ਸੀਟ ਸਾਂਭਣ ਵਾਲੇ ਪਹਿਲੇ ਸ਼ਖ਼ਸ ਹਨ।

## Canada is a Land of Racism and great opportunities to become anything you want

By: Surjit Singh Flora



Canada is a land of great opportunities. You can become anything you want to be in this great country. You just need to walk with your head high and with a clear sense of direction. We live in a complex multicultural society. But according to data from Stats Canada released last Thursday, hate crime increased in 2017 with incidents targeting blacks, Jews and Muslims those reported to the police.

2016. Statistics show that the people of the Black Community, Jews and Muslims have become a major targeted of this crime. In total, there were 2073 incidents of crime committed in the year 2017, mostly in Ontario and Quebec.

Most of the incidents of hatred are reported to Jews (18%), Muslims (17%) and black people (16%) of the black community. Of course, the percentage increase over Muslims was the highest reported.

Talking about the Muslim community targeted for Hate crimes increase was reported by Statistics Canada it was a deadly mass shooting in a Quebec mosque, followed by a government motion to study Islamophobia that itself sparked anti-Muslim sentiment.

This year, the federal government is spending $ 23 million to set up 'anti-racism' strategies.

According to Heritage Minister Rodriguez, that systemic racism is an "expression" that "is not part of his vocabulary. “According to the minister, there is no such racism in Canada. What if the figures released by the Statistics Division are incorrect today? And whether the government's cost of raising an anti-apartheid strategy at the cost of $ 23 million is wasteful its taxpayers' dollars?

But talking about myself I was victim of racism myself. During my childhood, I had long hair and turban on my head. That's how I grew up and that was my belief -- as a Sikh. I was a happy person.

In 1989, I moved to Toronto, with my family. I was a teenager entering high school at White Oaks in Oakville. It was a new country, new language, new culture and new people. Every day, I faced new problems as I tried to understand and adapt myself to new



school, home and society. Some people made fun of me by calling me 'Paki' and some people would touch my turban.

I would call it racism -- different skin, different culture, and I was from a different nation. At that time, I wasn't able to speak English well, either. I would complain to my class teacher, but nothing changed. Tired from all the problems I had been facing, I became weak and demoralized.

After finishing high school, I started to look for a job. I applied in many places but was always told that I will be contacted later, but that never happened. I thought it's all because of the turban on my head and the long beard on my face -- I would call it racism. This made me feel so depressed and hopeless, thinking that I would never get a job here in Canada. If I had not stuck up for my principles, I would have found a job over the night.

Religious discrimination, racism, nationality, height, weight, fashion, social status, health -- the list is endless. No one is perfect, yet discrimination breeds on the assumption that one class of people is better in one way or another than any other class of people.

Remember, hair is a religious symbol for Sikhs and it is strictly against our faith to have it cut. The turban and unshorn hair are mandatory and inseparable elements of the physical body of the Sikhs.

Due to all this discrimination, I asked my cousin if I could cut my hair, thinking that all my problems would go away. He took me to a barber shop and I got my hair cut. I felt so sad after I cut my hair, I cried. But it was too late.

Then I became a clean-shaven. By now, any respect I had from my fellow Sikhs vanished. I was in turmoil -- spiritually, emotionally and socially. I decided that I was going back to the way I was. I started growing my hair and wearing a turban. After a few years I got baptized as a Sikh. I was happy again. I was at peace with myself again.

Racism is shameful and disgraceful and should be changed immediately. If everyone is created by the God, and everyone has the same blood colour -- red -- then why do people hate each other? When we all stop seeing colour and treat everyone with the same respect we expect to receive, then and only then will 'racism' end. It's a two-way street. Where are you standing?

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132”
88”
8 Seated Sofa
■ ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਕਹਾਣੀ

## ਧਰਤੀ ਦਾ ਹਉਕਾ -ਮੁਖਤਿਆਰ ਸਿੰਘ



ਮੈਂ ਸੰਦਲੀ ਬੂਹੇ ਤੋਂ ਦੋ ਕੁ ਕਦਮ ਪਿੱਛੇ ਖੜੀ ਹਾਂ। ਸੰਗਲੀ ਕੁੰਡਾ, ਲਟਕ ਰਿਹਾ ਹੈ।

ਮੈਂ ਬੂਹੇ ਨੂੰ ਨੀਝ ਨਾਲ ਨਿਹਾਰਿਆ ਅਤੇ ਨਿਹਾਰਦੀ ਰਹੀ। ਮੈਨੂੰ ਪਤਾ ਨਾ ਲੱਗਾ, ਕਿਵੇਂ ਮੇਰੇ ਅੰਦਰ ਖਲਬਲੀ ਮੱਚ ਪਈ। ਮੈਂ ਲਾਲ ਗੋਟੇ ਵਾਲੀ ਚੁੰਨੀ ਲਈ ਹੋਈ। ਹਲਕਾ ਗੂੜ੍ਹਾ ਹਰਾ ਪੰਜਾਬੀ ਸੂਟ ਪਾਇਆ ਹੋਇਆ। ਲਾਲ ਪੀਲੇ ਫੁੰਦਿਆਂ ਵਾਲੀ ਪਟਿਆਲਾ ਸ਼ਾਹੀ ਗੁੱਤ ਹੱਥ 'ਚ ਫੜੀ ਹੋਈ। ਫਿੱਕੇ ਭੂਸਲੇ ਰੰਗ ਦੀ ਕੱਢਵੀਂ ਨਾਜ਼ੁਕ ਜੁੱਤੀ ਪਾਈ ਹੋਈ। ਮੇਰੇ ਪਿੱਛੇ ਖੜੀ ਕਾਰ ਦਾ ਅਗਲਾ ਹਿੱਸਾ ਮੇਰੇ ਲਾਗੇ ਹੈ। ਬੂਹੇ ਵਾਲੀ ਕੰਧ 'ਤੇ ਰੰਗ ਰੋਗਨ ਦੀਆਂ ਖਲੇਪੜੀਆਂ ਲਈਆਂ ਹੋਈਆਂ। ਕੰਧ ਦੇ ਨਾਲ-ਨਾਲ ਨਾਲੀ 'ਚ ਖੜਾ ਪਾਣੀ। ਮੈਥੋਂ ਫੈਸਲਾ ਨਹੀਂ ਹੋ ਰਿਹਾ। ਬੂਹਾ ਖੋਲ੍ਹਾਂ ਜਾਂ ਨਾ। ਮਨ 'ਚ ਆ ਰਿਹੈ, ਖੋਲ੍ਹਦੀ ਹਾਂ ਤਾਂ ਨਵੀਂ ਜ਼ਿੰਦਗੀ ਸ਼ੁਰੂ ਹੋਵੇਗੀ। ਪਿੱਛੇ ਮੁੜਾਂਗੀ, ਜ਼ਿੰਦਗੀ ਤੋਂ ਭੱਜਾਂਗੀ। ਧਰਤੀ ਤੋਂ ਬਿਨਾ ਜਾਵਾਂਗੀ ਕਿੱਥੇ? ਕਾਰ 'ਚ ਬੈਠ ਕੇ ਝੂਟੇ ਲੈ ਸਕਦੀ ਹਾਂ। ਕਾਰ 'ਚ ਬੈਠਦੇ ਸਾਰ, ਗੋਟੇ ਵਾਲੀ ਚੁੰਨੀ ਲਾਹ ਸੁੱਟਾਂਗੀ। ਗੁੱਤ ਖੋਲ੍ਹ ਕੇ ਵਾਲ ਪਿੱਛੇ ਸੁੱਟ ਲਵਾਂਗੀ। ਮੋਬਾਈਲ 'ਤੇ ਚੈਟ ਕਰਨ ਲੱਗ ਪਵਾਂਗੀ। ਪਟਿਆਲਾ ਸ਼ਾਹੀ ਡੋਰੀਆ ਕਿੱਥੇ ਰੱਖਾਂਗੀ? ਜੇ ਪੈਰਾਂ ਹੇਠਾਂ ਮਿਥਿਆ ਗਿਆ? ਚੱਲ ਕੋਈ ਨਾ ਸਦੀਆਂ ਤੋਂ ਮਿੱਧ ਹੁੰਦਾ ਆਇਆ। ਨਹੀਂ ਨਹੀਂ ਨਹੀਂ। ਕਿਤੇ ਸਾਂਭ ਕੇ ਰੱਖਾਂਗੀ। ਬੇਰਹਿਮੀ ਨਾਲ ਪੈਰ ਨਹੀਂ ਰੱਖਣ ਦਿਆਂਗੀ।

ਦੀਦੀ ਕਹਿੰਦੀ, 'ਮੈਂ ਹੋਰ ਪੜ੍ਹਾਂ। ਪੜ੍ਹਨਾ ਵੀ ਕਿੰਨਾ ਔਖਾ? ਟੈਕਨੀਕਲ ਕੋਰਸਜ਼, ਡਾਕਟਰੀ ਇੰਜੀਨੀਅਰਿੰਗ ਦੇ ਮੁਕਾਬਲੇ ਟੈਸਟ ਕਿੰਨੇ ਔਖੇ ਨੇ। ਲੱਖਾਂ ਰੁਪਏ ਕਿੱਥੋਂ ਖਰਚਾਂਗੇ? ਆਮ ਆਦਮੀ ਦੇ ਵੱਸ ਦਾ ਰੋਗ ਨਹੀਂ। ਕੋਰਸ ਕਰਕੇ ਵੀ ਵਿਹਲੇ ਦੇ ਵਿਹਲੇ। ਆਈਲੈਟਸ ਦੁਕਾਨਾਂ, ਰੇਲ ਗੱਡੀਆਂ ਦੀਆਂ ਸਵਾਰੀਆਂ ਵਾਂਗ ਤੁਸੀਂ ਪਈਆਂ ਨੇ।'

ਦੀਦੀ ਦਾ ਫੋਨ ਫਿਰ ਆ ਗਿਆ। ਉਹ ਖਿਝੀ ਹੋਈ ਬੋਲੀ, 'ਇਸ ਵਾਰ ਕੀ ਦੱਸਣ ਲੱਗੀ ਹੈ?'

ਮੈਂ ਏਨੀ ਗੱਲ ਸੁਣ ਕੇ ਮੋਬਾਈਲ ਬੰਦ ਕਰ ਦਿੱਤਾ। ਕੁਝ ਪਲ ਸੁਖ ਦਾ ਸਾਹ ਆਇਆ। ਦੀਦੀ ਨੇ ਖਹਿੜਾ ਨਹੀਂ ਸੀ ਛੱਡਣਾ। ਮੈਂ ਉਸ ਬਾਰੇ ਸੋਚਣ ਲੱਗ ਪਈ। ਅਜੇ ਕੁਝ ਦਿਨਾਂ ਦੀ ਗੱਲ ਹੈ। ਉਹ ਮੈਨੂੰ ਨਾਲ ਲੈ ਗਈ। ਦਿਖਾਉਂਦੀ ਫਿਰੇ, ਇਹ ਫਲਾਣਾ ਵਿਭਾਗ, ਇਹ ਢਿਮਕਾ, ਆਹ ਅਮਕਾ। ਇਹ ਕਿਤਾਬਾਂ ਦਾ ਘਰ, ਗਿਆਨ ਵਧਾਉਂਦਾ ਹੈ। ਮੈਂ ਉਸ ਨੂੰ ਟੋਕ ਦਿੱਤਾ, 'ਸਿਰਫ ਜਮਾਤਾਂ ਪਾਸ ਕਰਨ ਲਈ ਨੇ। ਗਿਆਨ ਗਿਊਨ ਨ੍ਹੀਂ ਵਧਦਾ, ਕਾਗਜ਼ੀ ਸਰਟੀਫਿਕੇਟਾਂ ਦੀਆਂ ਫੈਕਟਰੀਆਂ ਬਣ ਕੇ ਰਹਿ ਗਈਆਂ। ਲਈ ਫਿਰੋ ਸੜਕਾਂ 'ਤੇ।'

ਦੀਦੀ ਮੇਰੇ ਮੂੰਹ ਵੱਲ ਵੇਖੇ। ਮੈਂ ਮਨ 'ਚ ਸੋਚਿਆ, ਵੇਖਦੀ ਰਹਿ। ਦੀਦੀ ਖਿੱਝ ਕੇ ਫੁੱਲਾਂ ਵਾਲੇ ਲਾਅਨ ਵਿੱਚ ਲੈ ਆਈ, 'ਵੇਖ ਕਿੰਨੇ ਸੋਹਣੇ ਫੁੱਲ ਤੇ ਮਖਮਲੀ ਘਾਹ। ਇਕ ਦੂਜੀ ਨਾਲ ਗਿਆਨ ਦੀਆਂ ਬਿਲਡਿੰਗਾਂ ਨੂੰ ਜੋੜਦੇ ਪੱਕੇ ਫੁੱਟ ਪਾਥ।' ਦੀਦੀ ਸੜਕ ਕੰਢੇ ਗੁਲਾਬੀ ਫੁੱਲਾਂ ਵਾਲੇ ਬੂਟੇ ਕੋਲ ਜਾ ਖੜੀ। ਉਸ ਨੇ ਫੋਟੋ ਖਿੱਚਣ ਲਈ ਮੈਨੂੰ ਮੋਬਾਈਲ ਫੜਾ ਦਿੱਤਾ। ਉਹ ਫੁੱਲਾਂ ਵੱਲ ਮੂੰਹ ਕਰਕੇ ਮਾਸੂਮ ਜਿਹੀ ਬਣੀ ਝਾਕਣ ਲੱਗ ਪਈ। ਉਸ ਨੇ ਕੇਸਰੀ ਰੰਗਾ ਸੂਟ ਪਾਇਆ ਸੀ। ਉਸ ਦਾ ਪੋਜ਼ ਇਸ ਤਰ੍ਹਾਂ, ਜਿਵੇਂ ਬਹੁਤ ਡੂੰਘੀ ਸੋਚ ਵਿੱਚ ਡੁੱਬੀ ਹੋਵੇ। ਮਨ 'ਚ ਪਏ ਖੌਰੂ ਨੂੰ ਦਬਾ ਕੇ ਕਿਸੇ ਸਿਰੇ 'ਤੇ ਪਹੁੰਚਣ ਦੀ ਕੋਸ਼ਿਸ਼ ਕਰ ਰਹੀ ਹੋਵੇ।

'ਦੀਦੀ ਬੂਟਿਆਂ ਓਹਲੇ, ਹਾਏ, ਕਿਹੋ ਜਿਹੇ ਕੱਪੜੇ? ਪੰਜਾਬੀ ਸੂਟ ਤੇ ਸਿਰ ਉਤੇ ਚੁੰਨੀ ਹੀ ਨਹੀਂ। ਓ ਵੇਖ ਦੀਦੀ, ਮੋਢਿਆਂ ਉਤੇ ਖੁੱਲ੍ਹੇ ਵਾਲ ਹੁਲਾਰੇ ਲੈ ਰਹੇ। ਹਾਏ ਦੀਦੀ ਕੁੜੀ ਦੇ ਬਰਾਬਰ ਕਾਰ ਆ ਕੇ ਰੁਕੀ।' ਤਾਕੀ ਖੁੱਲ੍ਹੀ। ਕੁੜੀ ਨੂੰ ਲੰਮੀ ਬਾਂਹ ਨੇ ਖਿੱਚ ਲਿਆ। ਕਾਰ ਤੇਜ਼ੀ ਨਾਲ ਅੱਖੋਂ ਓਹਲੇ ਹੋ ਗਈ।

'ਦੀਦੀ ਛੇਤੀ ਚੱਲੀਏ..।' ਮੈਂ ਦੀਦੀ ਨੂੰ ਕਾਹਲੀ ਨਾਲ ਕਿਹਾ। ਮੇਰੇ ਦਿਲ ਦੀ ਧੜਕਣ ਵਧ ਗਈ। ਇਹੋ ਜਿਹਾ ਹੈ ਇਹ ਸੱਭਿਆਚਾਰ? ਮੇਰੇ ਬੁੱਲ੍ਹ ਫਰਕਣ ਲੱਗ ਪਏ। ਦੀਦੀ ਚੁੰਨੀ ਸਿਰ ਉਤੇ ਲੈਂਦੀ ਹੋਈ ਬੋਲੀ, 'ਘਬਰਾ ਨਾ, ਮਹਾਨਗਰਾਂ 'ਚ ਇਹ ਆਮ ਏ। ਤੇਰੀ ਅਜੇ ਰੂੜੀਵਾਦੀ ਸੋਚ ਅਟਕੀ ਹੋਈ ਏ। ਦੁਨੀਆ ਮਿਲਗੋਭੇ ਦੇ ਕਲਚਰ ਦਾ ਇਕ ਪਿੰਡ ਹੋ ਰਹੀ ਹੈ। ਇੰਟਰਨੈਟ ਦਾ ਸੁਪਰ ਰੈਵੋਲਿਊਸ਼ਨ ਲਿਆਂਦਾ ਪਿਐ। ਹਰ ਕਿਸੇ ਦੇ ਹੱਥਾਂ 'ਚ ਫੇਸਬੁੱਕ, ਵਟਸਐਪ, ਯੂ-ਟਿਊਬ।'

ਮੈਂ ਦੀਦੀ ਨੂੰ ਜ਼ਿੱਦ ਕਰਕੇ ਨਾਲ ਲੈ ਤੁਰੀ, 'ਮੈਂ ਨਹੀਂ ਏਥੇ ਆਉਣਾ। ਮੈਂ ਆਪਣਾ ਸੱਭਿਆਚਾਰ ਛੱਡ ਨਹੀਂ ਸਕਦੀ।'

'ਕਮਲੀ ਨਾ ਹੋ, ਸ਼ੇਰਨੀਆਂ ਨੇ ਮੜਕ ਨਾਲ ਤੁਰਨਾ, ਫਿਰਨਾ ਤੇ ਪੜ੍ਹਨੈ। ਹਾਲਾਤ ਦਾ ਡੱਟ ਕੇ ਮੁਕਾਬਲਾ ਕਰਨੈ। ਤੂੰ ਕਿਸੇ ਨੂੰ ਦਿਲ ਦਾ ਮਹਿਰਮ ਬਣਾਇਐ?'

ਮੈਂ ਸ਼ਰਮਾ ਕੇ ਨੀਵੀਂ ਪਾ ਲਈ। ਮੇਰੇ ਫਰਕਦੇ ਬੁੱਲ੍ਹਾਂ 'ਤੇ ਹਲਕੀ ਮੁਸਕਾਨ ਫਿਰ ਗਈ। ਮੇਰੇ ਮੂੰਹੋਂ ਕੁਝ ਨਾ ਬੋਲ ਹੋਇਆ। ਦੀਦੀ ਸਮਝ ਗਈ। ਉਸ ਨੇ ਥੋੜ੍ਹਾ ਹੱਸ ਕੇ ਕਿਹਾ, 'ਹੈ ਕੁਝ ਦਾਲ 'ਚ ਕਾਲਾ ਕਾਲਾ।' ਮੇਰਾ ਮਨ ਉਗਲਣ ਲੱਗ ਪਿਆ, 'ਦੀਦੀ, ਉਸ ਚਿਹਰੇ ਵੱਲ ਰੋਕਦੀ-ਰੋਕਦੀ, ਇਕ ਪਲ ਅੱਖਾਂ ਚਾਰ ਹੋਣ ਤੋਂ, ਮੁਸਕਰਾਹਟ ਆ ਜਾਂਦੀ ਹੈ, ਉਸ ਦੇ ਵੀ। ਮਹੀਨੇ ਲੰਘ ਗਏ। ਇਸੇ ਤਰ੍ਹਾਂ ਮੁਸਕਰਾਹਟ ਆਉਂਦੀ ਰਹੀ। ਇਕ ਦਿਨ ਉਸ ਨੇ ਹੌਸਲਾ ਕਰ ਲਿਆ, 'ਕੀ ਹਾਲ ਏ?' ਮੈਥੋਂ 'ਠੀਕ ਏ' ਆਪਮੁਹਾਰੇ ਕਹਿ ਹੋ ਗਿਆ। ਫਿਰ ਮੈਂ ਭੱਜ ਆਈ। ਉਹ ਉਥੇ ਹੀ ਗੁੰਨ ਵੱਟਾ ਬਣਿਆ ਖੜਾ ਰਿਹਾ।'

ਦੀਦੀ ਨਾਲ ਮੈਂ ਗੱਲਾਂ 'ਚ ਰੁੱਝ ਗਈ। ਮੈਂ ਉਸ ਨੂੰ ਹੌਸਲਾ ਕਰਕੇ ਪੁੱਛ ਲਿਆ, 'ਤੇਰੇ ਮਨ 'ਚ ਵੀ ਕੋਈ..!'

ਉਹ ਸ਼ਰਮਾਈ ਨਹੀਂ। ਉਸ ਨੇ ਨਿਝੱਕ ਹੋ ਕੇ ਕਿਹਾ, 'ਹਾਂ ਕਈ ਚੰਗੇ ਲੱਗੇ ਨੇ। ਦੋਸਤੀ ਤੱਕ ਸੀਮਤ। ਕਈ ਲਿਵ ਇਨ ਰਿਲੇਸ਼ਨ 'ਚ ਰਹਿਣ ਲੱਗ ਪਏ। ਮੈਨੂੰ ਕਈ ਆਫਰਾਂ ਆਈਆਂ ਨੇ। ਠੁਕਰਾ ਦਿੱਤੀਆਂ।' ਉਸ ਨੇ ਮੇਰੇ ਸਿਰ ਤੋਂ ਪੈਰਾਂ ਤੱਕ ਵੇਖ ਕੇ ਕਿਹਾ, 'ਸਭ ਭਮੱਤਰੇ ਹੋਏ। ਡਾਵਾਂਡੋਲ। ਪਤਾ ਨਹੀਂ ਕਿਸ ਪਾਸੇ ਤਿਲ੍ਹਕ ਜਾਣ। ਉਨ੍ਹਾਂ ਦੇ ਮਨਾਂ 'ਚ ਉਥਲ ਪੁੱਥਲ ਹੋ ਜਾਂਦੀ ਹੈ। ਵਿਖਾਵਾਂ ਸ਼ਕਲਾਂ..?' ਉਸ ਨੇ ਮੋਬਾਈਲ ਆਨ ਕਰਕੇ ਫੇਸਬੁੱਕ ਕੱਢ ਲਈ, 'ਲੈ ਵੇਖ..।'

'ਹਾਏ ਦੀਦੀ, ਇਹੋ ਤਾਂ ਰੋਣੈ। ਲੱਗਦੈ ਦਿਲਾਂ 'ਚ ਪਈ ਇਹ ਉਥਲ ਪੁੱਥਲ ਹੀ ਭਟਕਣ 'ਚ ਲਿਜਾਂਦੀ ਏ। ਕਈ ਕਮਜ਼ੋਰ ਦਿਲਾਂ ਵਾਲੇ ਓਵਰਡੋਜ਼ ਵੱਲ ਚੱਲੇ ਜਾਂਦੇ ਨੇ। ਕੋਈ ਰੁਜ਼ਗਾਰ ਨ੍ਹੀਂ ਮਿਲਦਾ, ਉਹ ਸਿਰੇ ਦੀਆਂ ਡਿਗਰੀਆਂ ਵਾਲਿਆਂ ਨੂੰ ਮਜ਼ਦੂਰੀ ਕਰਦਿਆਂ ਵੇਖਦੇ ਨੇ। ਹਰੇਕ ਮਹਿਕਮੇ 'ਚ ਘੱਟ ਪੈਸਿਆਂ 'ਤੇ ਕੱਚੇ ਰੱਖੇ ਵੇਖਦੇ ਨੇ। ਖੇਤੀ ਹੁਣ ਘਾਟੇ ਦੀ ਰਹਿ ਗਈ। ਲੱਗਦੈ ਦੀਦੀ, ਤੇਰਾ ਵੀ ਇਹੋ ਹਾਲ ਏ, ਵੇਖੀਂ ਕਿਸੇ ਵੀ ਡੋਜ਼ ਵੱਲ ਨਾ ਜਾਈ।'

'ਓ ਨਹੀਂ ਭੈਣ ਜੀ, ਜੇ ਜਾਣਾ ਹੁੰਦਾ, ਕਦੋਂ ਦੀ ਚਲੀ ਜਾਂਦੀ। ਮੈਨੂੰ ਸਾਰੀ ਸਮਝ ਹੈਗੀ ਐ।'

ਅਸੀਂ ਤੁਰਦੀਆਂ ਹੋਈਆਂ ਦੂਜੇ ਮਖਮਲੀ ਘਾਹ 'ਚ ਚਲੀਆਂ ਗਈਆਂ। ਸਾਹਮਣੇ ਸੜਕ 'ਤੇ ਕਾਰ ਆ ਕੇ ਰੁਕੀ। ਤਾਕੀ ਖੁੱਲ੍ਹੀ। ਉਸ ਵਿੱਚੋਂ ਲੜਕੀ ਤੇਜ਼ੀ ਨਾਲ ਨਿਕਲੀ। ਉਹ ਲੜਖੜਾਉਂਦੀ ਸਿੱਧੀ ਹੋਸਟਲ ਵੱਲ ਜਾਂਦੇ ਛੋਟੇ ਫੁੱਟਪਾਥ ਉਤੇ ਤੁਰ ਪਈ। ਕਾਰ ਛੂਮੰਤਰ ਹੋ ਗਈ। ਇਹ ਉਹ ਪਹਿਲੀ ਕਾਰ ਨਹੀਂ ਸੀ, ਨਾ ਹੀ ਉਹ ਲੜਕੀ।

***

ਮੈਂ ਸੰਦਲੀ ਬੂਹੇ ਦੀ ਦੇਹਲੀ ਮੂਹਰੇ ਖੜੀ ਹਾਂ। ਸੰਗਲੀ ਕੁੰਡਾ ਲਟਕਿਆ ਹੋਇਆ। ਤਖਤੇ ਭੇੜੇ ਹੋਏ। ਮੇਰੀ ਗੁਲਾਬੀ ਚੁੰਨੀ ਉਤੇ ਗੋਟਾ ਲੱਗਾ ਹੋਇਆ। ਲੰਮੀ ਗੁੱਤ ਪਿੱਛੇ ਲਮਕਦੀ। ਦੇਹਲੀ ਦੇ ਅੰਦਰ ਕਿਹੋ ਜਿਹੀ ਜ਼ਿੰਦਗੀ ਹੋਵੇਗੀ? ਸਭ ਕੁਝ ਭੁੱਲ ਭੁਲਾ ਕੇ ਜਾਣਾ ਪਏਗਾ। ਉਥੇ ਆਪਣੀ ਮਰਜ਼ੀ ਨਹੀਂ ਚੱਲੇਗੀ। ਮਾਹੀ ਹੱਸ ਕੇ ਬੋਲੇਗਾ ਜਾਂ ਮੱਥੇ ਉੱਤੇ ਤਿਊੜੀਆਂ ਪਈਆਂ ਰਹਿਣਗੀਆਂ। ਕਿਤੇ ਓਵਰਡੋਜ਼ ਲੈਣ ਵਾਲਾ ਤਾਂ ਨਹੀਂ? ਇਨ੍ਹਾਂ ਗੱਲਾਂ ਦਾ ਪਹਿਲਾਂ ਪਤਾ ਨਹੀਂ ਲਾਇਆ ਜਾ ਸਕਦਾ। ਉਸ ਵੇਲੇ ਕੀਤੇ ਵਾਅਦੇ, ਦਿਖਾਵੇ ਲਈ ਹੁੰਦੇ ਨੇ। ਕੋਈ ਵੀ ਮਨ ਦੀ ਡੂੰਘਾਈ 'ਚੋਂ ਦਿਲ ਦੀ ਗੱਲ ਨਹੀਂ ਕਹੇਗਾ। ਦੀਦੀ ਕਹਿੰਦੀ ਹੈ, 'ਏਸੇ ਕਰਕੇ ਲਿਵ ਇਨ ਰਿਲੇਸ਼ਨ 'ਚ ਰਹਿ ਕੇ ਵੇਖ ਲਓ। ਨਾਲ ਹੀ ਇਸ ਤੋਂ ਇਨਕਾਰ ਕਰਦੀ ਹੈ ਕਿ ਫਿਰ ਵੀ ਕੀ ਇਤਬਾਰ? ਮਨ ਹੋਰ ਪਾਸੇ ਤਿਲ੍ਹਕ ਜਾਵੇ। ਮਨ ਚੰਚਲ ਜੋ ਹੋਇਆ।' ਦੀਦੀ ਫਿਰ ਸਮਝੌਤੀਆਂ ਦੇਣ ਲੱਗ ਪਈ, 'ਜ਼ਿੰਦਗੀ ਜਿਊਣ ਅਤੇ ਮਾਨਣ ਲਈ ਹੈ। ਉਸ ਲਈ ਡਟਣਾ ਪੈਣੈ। ਆਪਣੇ ਆਪ ਰਸਤੇ ਬਣਦੇ ਜਾਣਗੇ। ਧਰਤੀ ਉਪਜਾਊ ਤਾਂ ਹੈ ਹੀ, ਜੇ ਕੋਈ ਉਪਜ ਦੇ ਕਾਬਲ ਹੋਵੇਗਾ। ਤੈਨੂੰ ਪਤੈ ਭੈਣ ਜੀ ਕਿ ਆਉਣ ਵਾਲੇ ਸਮੇਂ 'ਚ ਨਸ਼ਾ, ਉਪਜਾਊ ਸ਼ਕਤੀ ਖਤਮ ਕਰ ਰਿਹੈ..।'

ਮੈਨੂੰ ਉਸ ਦੀਆਂ ਗੱਲਾਂ ਫਜ਼ੂਲ ਜਾਪੀਆਂ, 'ਦੀਦੀ, ਆਪਣੇ ਆਪ ਰਸਤੇ ਤਾਂ ਬਣਨਗੇ ਜੇ ਕਿਸੇ ਸਿਸਟਮ ਦੀ ਜਕੜ ਵਿੱਚੋਂ ਨਿਕਲ ਸਕਾਂਗੇ। ਤੂੰ ਆਵੇਂ ਯਭਲੀਆਂ ਮਾਰੀ ਜਾਨੀ ਹੈਂ, ਮਹਾਨਗਰ ਦੇ ਮਹਾਂ ਵਿਸ਼ਵਵਿਦਿਆਲੇ 'ਚ ਘੁੰਮ ਕੇ।'

'ਭੈਣ ਜੀ, ਇਹ ਯਭਲੀਆਂ ਨਹੀਂ। ਜਿਹੜੇ ਕੰਮ ਨੂੰ ਧਾਰ ਲਿਆ, ਉਹ ਹੁੰਦਾ ਚਲਾ ਜਾਂਦੈ। ਸਿਰਫ ਮਜ਼ਬੂਤ ਇਰਾਦੇ ਦੀ ਲੋੜ ਹੈ। ਜੇ ਅੱਗੇ ਵੱਧਣੈ ਦੁਨੀਆ ਦੀ ਪਰਵਾਹ ਨਾ ਕਰੋ। ਆਪਣੀ ਮੰਜ਼ਿਲ ਵੱਲ ਵਧਦੇ ਜਾਓ..।'

ਮੈਂ ਦੀਦੀ ਦੀਆਂ ਗੱਲਾਂ ਵੱਲ ਬਹੁਤਾ ਧਿਆਨ ਨਹੀਂ ਦੇ ਰਹੀ। ਉਸ ਨੂੰ ਪੁੱਛਾਂ, ਜਿਨ੍ਹਾਂ ਦੇ ਕਈ-ਕਈ ਦੋਸਤ ਨੇ। ਉਹ ਤੀਹ ਪੈਂਤੀ ਸਾਲ ਤੱਕ ਵਿਆਹ ਹੀ ਨਹੀਂ ਕਰਵਾਉਂਦੇ। ਮੱਧਵਰਗੀ ਅਤੇ ਹੇਠਲੇ ਤਬਕੇ ਦੇ ਏਸੇ ਤਰ੍ਹਾਂ ਹੋਣ ਨਹੀਂ ਦੇਣਗੇ। ਉਹ ਤਾਂ ਗੋਟੇ ਵਾਲੀ ਚੁੰਨੀ ਦੇ ਕੇ, ਸੰਦਲੀ ਬੂਹੇ ਦਾ ਕੁੰਡਾ ਖੋਲ੍ਹ ਦੇਣਗੇ। ਅੱਗੇ ਤੇਰੇ ਭਾਗ ਲੱਛੀਏ।'

'ਪਿਆਰੀ ਭੈਣ, ਮੈਂ ਕੱਢਾਂਗੀ ਏਸ ਚੱਕਰ ਵਿੱਚੋਂ।' ਮੇਰੇ 'ਤੇ ਦੀਦੀ ਦੀਆਂ ਗੱਲਾਂ ਦਾ ਕੁਝ ਕੁ ਅਸਰ ਹੋ ਹੀ ਗਿਆ।

ਮੈਂ ਸੰਦਲੀ ਬੂਹੇ ਅੱਗੇ ਖੜੀ ਹਾਂ। ਮੈਂ ਝਕਦੀ-ਝਕਦੀ ਨੇ ਆਪ ਹਿੰਮਤ ਕਰਕੇ ਦੋਵੇਂ ਤਖਤੇ ਅੰਦਰ ਵੱਲ ਧੱਕ ਦਿੱਤੇ। ਵਿਹੜੇ ਵਿੱਚੋਂ ਖਾਲੀ ਆਸਮਾਨ ਦਿਸਿਆ। ਵਿਹੜੇ ਵਿਚਲੀਆਂ ਇੱਟਾਂ ਵਿੱਚੋਂ ਘਾਟ ਬੂਟੀ ਕੁਮਲਾਈ ਹੋਈ ਮਸਾਂ ਸਾਹ ਲੈ ਰਹੀ। ਅੰਦਰਲੀ ਸਬਾਤ ਵਿੱਚ ਝਾਤੀ ਮਾਰੀ। ਹੱਡੀਆਂ ਦੀ ਮੁੱਠ ਬਣਿਆ ਇਕ ਨੌਜਵਾਨ ਮੰਜੀ ਉਤੇ ਪਿਆ ਹੋਇਆ। ਉਸ ਦੀ ਮੰਜੀ ਹੇਠਾਂ ਛੋਟੀਆਂ ਵੱਡੀਆਂ ਖਾਲੀ ਬੋਤਲਾਂ, ਸ਼ੀਸ਼ੀਆਂ ਸਰਿੰਜਾਂ, ਮੇਰਾ ਮੂੰਹ ਚਿੜਾਉਣ ਲੱਗ ਪਈਆਂ।

ਮੈਂ ਉਥੋਂ ਪਿੱਛੇ ਮੁੜ ਆਈ। ਮੈਂ ਬੀਹੀ ਵਿੱਚ ਅੱਗੇ ਹੋਈ। ਏਥੇ ਮੈਂ ਬੂਹੇ ਦੇ ਬਾਹਰ ਖੜ੍ਹ ਕੇ ਦੁਚਿੱਤੀ ਵਿੱਚ ਨਹੀਂ ਪਈ। ਵਿਹੜਾ ਸਾਫ ਸੁਥਰਾ। ਸਲੀਕੇ ਨਾਲ ਕੱਪੜੇ ਤੇ ਭਾਂਡੇ ਰੱਖੇ ਹੋਏ। ਚੁੱਲ੍ਹੇ ਚੌਕੇ 'ਚ ਰੌਣਕ ਨਹੀਂ। ਮੰਜੇ ਉਤੇ ਇਕ ਜ਼ਨਾਨੀ ਦੋ ਬੱਚਿਆਂ ਨੂੰ ਬਗਲ 'ਚ ਲਈ ਪਈ ਹੋਈ। ਉਨ੍ਹਾਂ ਦੇ ਚਿਹਰਿਆਂ ਤੋਂ ਜਾਪਦਾ ਕਿ ਉਨ੍ਹਾਂ ਦੀਆਂ ਅੱਖਾਂ ਦਾ ਪਾਣੀ ਰੋ-ਰੋ ਸੁੱਕ ਗਿਆ ਹੋਇਆ। ਘਰ 'ਚ ਕੋਈ ਬੰਦਾ ਨਹੀਂ ਦਿਸ ਰਿਹਾ। ਮੈਂ ਉਥੋਂ ਮੁੜ ਆਈ। ਬੂਹਾ ਖੁੱਲ੍ਹਾ ਛੱਡ ਕੇ ਹੋਰ ਘਰ ਜਾ ਵੜੀ। ਮੇਰਾ ਹੌਸਲਾ ਵਧਣ ਨਾਲ ਮੇਰੀ ਭਟਕਣ ਟਿਕਣ ਨਹੀਂ ਦੇ ਰਹੀ। ਘਰ ਪੂਰਾ ਸਾਫ ਸੁਥਰਾ। ਉਥੇ ਦਰਮਿਆਨੇ ਗੁਜ਼ਾਰੇ ਦਾ ਸਾਮਾਨ, ਤਰਤੀਬ ਨਾਲ ਪਿਆ ਹੋਇਆ। ਮੈਨੂੰ ਵੇਖ ਕੇ ਬੇਬੇ ਵਰਗੀ ਲੱਗਦੀ ਔਰਤ ਨੇ ਕਾਹਲ ਨਾਲ ਪੁੱਛਿਆ, 'ਹਸਪਤਾਲੋਂ ਆਈਂ ਐ ਪੁੱਤ? ਨਿਕੜੀ ਕਿਮੇਂ ਐ? ਬਚਗੀ..?'

ਮੈਂ ਉਸ ਦੇ ਮੂੰਹ ਵੱਲ ਵੇਖੀ ਜਾਵਾਂ। ਉਹ ਕੀ ਕਹੀ ਜਾ ਰਹੀ ਹੈ? 'ਮੈਂ ਬੇਜੀ ਹੱਸਦਾ ਵੱਸਦਾ ਘਰ ਵੇਖਣੈ।' ਮੈਂ ਹਲੀਮੀ ਨਾਲ ਕਿਹਾ। ਬੇਜੀ ਭੜਕ ਪਈ, 'ਹਾਏ-ਹਾਏ ਨੀ, ਇਕ ਨੇ ਜੰਮ ਕੇ ਧਰਤੀ 'ਚ ਗਰਕ ਤਾਂ।'

ਮੈਂ ਪੁੱਛ ਲਿਆ, 'ਕੀ ਹੋਇਆ ਬੇਜੀ?' ਉਸ ਦਾ ਰੋਣ ਨਿਕਲ ਆਇਆ, ਸੰਭਲ ਕੇ ਮਸਾਂ ਹੌਲੀ-ਹੌਲੀ ਬੋਲੀ, 'ਬਾਲੜੀ ਨੂੰ ਘੰਟੇ ਮਗਰੋਂ ਸੁੱਟਗੇ ਸਕੂਲ ਮੂਹਰੇ..।'

ਮੈਂ ਉਥੋਂ ਖਿਸਕ ਆਈ। ਕਿਸੇ ਬੂਹੇ ਅੰਦਰ ਲੰਘਣ ਨੂੰ ਜੀ ਨਹੀਂ ਕਰ ਰਿਹਾ। ਕਿੱਧਰ ਜਾਵਾਂ? ਧਰਤੀ ਪੈਦਾਵਾਰੀ, ਕੋਈ ਨਾ ਕੋਈ ਤਾਂ..। ਜੇ ਚਕਾਚੌਂਧ ਵਾਲੇ ਘਰ ਦਾ ਬੂਹਾ ਲੰਘ ਗਈ। ਉਥੇ ਅੱਖਾਂ ਚੁੰਧਿਆ ਜਾਣਗੀਆਂ। ਪਤਾ ਨਹੀਂ ਕਿੰਨੀਆਂ ਕੁ ਆਉਂਦੀਆਂ ਜਾਂਦੀਆਂ ਹੋਣਗੀਆਂ। ਉਨ੍ਹਾਂ ਨਾਲ ਕੀ ਬੀਤਦੀ ਹੋਵੇਗੀ। ਮੈਂ ਪਿੱਛੇ ਮੁੜ ਆਈ। ਪਾਣੀ ਦੀ ਪਿਆਸ ਲੱਗੀ। ਇਕ ਘਰ ਦੇ ਬੂਹੇ ਅੰਦਰ ਲੰਘ ਗਈ। ਵਿਹੜੇ 'ਚ ਨਲਕੇ ਦੀ ਹੱਥੀ ਨੂੰ ਜਾ ਹੱਥ ਪਾਇਆ। ਸੁੱਕਾ ਨਲਕਾ ਖੜਕਣ ਲੱਗ ਪਿਆ। ਇਕ ਖੂੰਜੇ 'ਚ ਸਬਮਰਸੀਬਲ ਲੱਗਾ ਹੋਇਆ। ਬਿਜਲੀ ਦੀ ਸਵਿੱਚ ਦਬਾਈ, ਪਾਣੀ ਨਹੀਂ ਆਇਆ। ਅੰਦਰੋਂ ਇਕ ਮਾਈ ਨਿਕਲੀ, 'ਬੀਬਾ ਬਿਜਲੀ ਗਈ ਹੋਈ ਏ। ਨਕਲੇ ਤਾਂ ਕਈ ਸਾਲਾਂ ਤੋਂ ਖੜੇ ਨੇ। ਮਿੱਠਾ ਪਾਣੀ ਪਤਾ ਨ੍ਹੀਂ ਕਿਹੜੇ ਪਤਾਲ 'ਚ ਉਤਰ ਗਿਐ।'

ਮੈਂ ਉਸ ਨੂੰ ਹੈਰਾਨ ਹੋ ਕੇ ਪੁੱਛਿਆ, 'ਗੱਭਰੂ ਨ੍ਹੀਂ ਘਰ ਕੋਈ?' ਮਾਈ ਦੀਆਂ ਅੱਖਾਂ ਭਰ ਆਈਆਂ, ਬੀਬੀ ਰਾਣੀ, ਇਕ ਦਵਾਈ ਪੀ ਗਿਆ। ਦੂਜਾ ਨਹਿਰ 'ਚ ਛਾਲ ਮਾਰ ਗਿਆ ਤੀ..।'

ਮੈਂ ਮਾਈ ਨੂੰ ਕੋਈ ਜੁਆਬ ਨਹੀਂ ਦੇ ਸਕੀ। ਉਥੋਂ ਬਾਹਰ ਨਿਕਲ ਆਈ। ਲਾਲ ਗੋਟਾ ਲੱਗੀ ਚੁੰਨੀ ਵੱਲ ਵੇਖਿਆ, ਇਹ ਕਿਸ ਕੰਮ? ਕਿੱਥੇ ਐ ਇਸ ਚੁੰਨੀ ਦਾ ਮੇਲ? ਨਵੇਂ ਫੈਸ਼ਨ ਦੀਆਂ ਨਵੀਆਂ ਗੱਲਾਂ, ਨੈਟ ਗਲੋਬਲਾਈਜੇਸ਼ਨ..।' ਮੈਂ ਹੌਸਲਾ ਨਹੀਂ ਹੋਰਿਆ, 'ਚੱਲੋ ਅੱਗੇ ਹੋਰ ਵੇਖਣ 'ਚ ਕੀ ਹਰਜ਼ ਐ। ਆਖਰਕਾਰ ਸਾਰੀ ਜ਼ਿੰਦਗੀ..। ਕਿਤੇ ਦੂਰ ਜਾ ਕੇ ਇਕ ਘਰ 'ਚ ਜਾ ਵੜੀ। ਬੁਢਾਪੇ ਵੱਲ ਜਾ ਰਹੀ ਤੀਵੀਂ ਨੇ ਆਵਾਜ਼ ਦਿੱਤੀ, 'ਕੌਣ ਐ ਭਾਈ? ਹੈਂ, ਧੀ ਕਨੇਡਾ ਤੋਂ ਆਈ ਐ?'

'ਮਾਂ ਜੀ, ਧੀ ਕਨੇਡਾ ਗਈ ਹੋਈ ਐ?' ਮੈਂ ਉਸ ਦੇ ਕੋਲ ਜਾ ਕੇ ਪੁੱਛਿਆ। ਉਸ ਨੇ ਦੱਸਿਆ, 'ਹਾਂ ਧੀਏ, ਪੜ੍ਹਨ ਗਈ ਮੁੜ ਨ੍ਹੀਂ ਆਈ। ਰੋਜ਼ ਉਡੀਕਦੇ ਹਾਂ।'

ਮੈਂ ਉਸ ਨੂੰ ਮੁੰਡਿਆਂ ਬਾਰੇ ਪੁੱਛ ਲਿਆ, 'ਦੁੱਧ ਪੁੱਤ..।'

'ਧੀਏ ਹੈਗਾ, ਉਹ ਧੀ ਤੋਂ ਪਹਿਲਾਂ ਜਹਾਜੇ ਚੜ੍ਹਿਆ, ਮੁੜ ਕੇ ਮੂੰਹ ਨ੍ਹੀਂ ਕੀਤਾ ਏਧਰ..।' ਮੈਂ ਹੋਰ ਜਾਨਣ ਦੀ ਕੋਸ਼ਿਸ਼ ਕੀਤੀ, 'ਦੂਜੇ ਮੁੰਡੇ ਕੁੜੀਆਂ?' ਉਹ ਪੀੜ-ਪੀੜ ਹੋ ਗਈ। ਮਸਾਂ ਹੀ ਬੋਲੀ, 'ਧੀਏ ਨਿਆਣਿਆਂ ਦਾ ਪਿਓ, ਭਈਏ ਨਾਲ ਖੇਤ ਵੱਲ ਗਿਐ, ਕਣਕ ਨੂੰ ਪਾਣੀ ਲਾਉਣਾ ਤੀ..।' ਮੈਂ ਮੁੜਨ ਲੱਗੀ ਉਸ ਨੇ ਰੋਕ ਲਿਆ, 'ਠਹਿਰ ਧੀ ਰਾਣੀਏ, ਪਾਣੀ ਧਾਣੀ ਪੀ ਕੇ ਜਾਈਂ।'

ਮੈਂ ਚੁੱਪ ਚਾਪ ਰੁਕ ਗਈ। ਉਹ ਪਾਣੀ ਲੈਣ ਜਾਂਦੀ ਹੋਈ ਬੁੜਬੁੜ ਕਰਨ ਲੱਗ ਪਈ, 'ਧੀਏ, ਪੁੱਠੀ ਵਾਅ ਵਗੀ ਵੀ ਐ। ਪਿੰਡ ਖਾਲੀ ਹੋਇਆ ਪਿਐ। ਬੱਚੇ ਬਿਗਾਨੀ ਧਰਤੀ ਵੱਲ ਖਿੱਚੇ ਜਾ ਰਹੇ। ਬਜ਼ੁਰਗ ਤੜਫਣ ਲਈ ਰਹਿ ਗਏ। ਕੀ ਬਣੂੰ..?'

'ਹਾਂ ਹਾਂ ਮਾਂ ਜੀ, ਨਾ ਗੱਭਰੂ ਰਹਿਣੇ ਨੇ, ਨਾ ਮੁਟਿਆਰਾਂ! ਕਹਿੰਦੇ ਏਥੇ ਸਿਸਟਮ ਠੀਕ ਨ੍ਹੀਂ, ਨਾ ਹੀ ਧਨਾਢਾਂ ਦੇ ਸ਼ਿਕੰਜੇ ਨੇ ਠੀਕ ਹੋਣ ਦੇਣੈ।' ਮੈਂ ਪਾਣੀ ਪੀ ਕੇ ਮੁੜ ਆਈ।

ਮੈਂ ਆਪਣੇ ਪੈਰੀਂ ਖੜੀ ਹੋਣ ਲਈ ਸਿਰ ਪੱਟ ਦੌੜ ਪਈ। ਕਿਸੇ ਦੀ ਪਰਵਾਹ ਨਹੀਂ। ਮੈਂ ਜ਼ੋਰ ਨਾਲ ਚੀਕੀ, 'ਦੀਦੀ, ਕਿੱਥੇ ਹੈਂ..?ਗਲੋਬਲਾਈਜੇਸ਼ਨ 'ਚ ਕਿਤੇ ਨਾ ਕਿਤੇ..? ਕੋਈ ਗੁਰੂਆਂ ਪੀਰਾਂ ਫਕੀਰਾਂ ਦ ਧਰਤੀ ਦਾ ਹੌਕਾ ਸੁਣੇਗਾ..ਸੁਣੇ ਗਾ??' ਮੇਰੀ ਅੱਖ ਖੁੱਲ੍ਹ ਗਈ..।'

ਮੈਂ ਸੰਦਲੀ ਬੂਹੇ ਅੱਗੇ ਖੜੀ ਹਾਂ। ਮੇਰੇ ਕੰਨਾਂ 'ਚ ਝੁਮਕੇ, ਲਾਲ ਰੰਗ ਦੀ ਚੁੰਨੀ, ਗੂੜ੍ਹਾ ਹਰਾ ਪੰਜਾਬੀ ਸੂਟ। ਮੇਰੇ ਨਾਲ ਕੁੜੀਆਂ ਚੁੱਪ, ਮੂੰਹ ਲਮਕਾਈ ਖੜੀਆਂ ਨੇ।

# ਰਸੋਈ

## ਖਜੂਰ ਹਲਵਾ



ਸਮੱਗਰੀ-ਬੀਜ ਕੱਢੇ ਹੋਏ 200 ਗਰਾਮ ਖਜੂਰ, ਸਿੰਘਾੜੇ ਦਾ ਆਟਾ ਅੱਧਾ ਕੱਪ, ਇੱਕ ਵੱਡਾ ਚਮਚ ਘਿਓ, ਕੁਤਰੇ ਹੋਏ ਕਾਜੂ ਤੇ ਕਿਸ਼ਮਿਸ਼ ਅੱਧਾ ਕੱਪ।

ਵਿਧੀ- ਖਜੂਰ ਨੂੰ ਮਿਕਸੀ ਵਿੱਚ ਪੀਸ ਕੇ ਪੇਸਟ ਬਣਾ ਲਓ। ਕੜਾਹੀ ਵਿੱਚ ਘਿਓ ਗਰਮ ਕਰ ਕੇ ਸਿੰਘਾੜੇ ਦਾ ਆਟਾ ਪਾਓ ਅਤੇ ਹਲਕੇ ਸੇਕ 'ਤੇ ਗੁਲਾਬੀ ਹੋਣ ਤੱਕ ਭੁੰਨੋ। ਇੱਕ ਕੱਪ ਪਾਣੀ ਪਾ ਕੇ ਲਗਾਤਾਰ ਹਿਲਾਉਂਦੇ ਹੋਏ ਪਕਾਓ। ਜਦ ਆਟਾ ਕੜਾਹੀ ਛੱਡਣ ਲੱਗੇ, ਤਦ ਖਜੂਰ ਪੇਸਟ ਕੁਤਰੇ ਹੋਏ ਕਾਜੂ, ਕਿਸ਼ਮਿਸ਼ ਮਿਲਾ ਕੇ ਭੁੰਨੋ। ਤਿਆਰ ਹੋ ਖਜੂਰ ਦਾ ਹਲਵਾ ਇਸ ਨੂੰ ਗਰਮ ਜਾਂ ਠੰਢਾ ਸਰਵ ਕਰੋ।

# ਬਿਊਟੀ ਟਿਪਸ

## ਨੈਚੁਰਲ ਬਿਊਟੀ ਟਿਪਸ



* ਹਲਦੀ ਦੇ ਗੁਣ ਇਸੇ ਗੱਲ ਨਾਲ ਜ਼ਾਹਿਰ ਹੋ ਜਾਂਦੇ ਹਨ ਕਿ ਇਸ ਨਾਲ ਬਣੇ ਹੋਏ ਵਟਨੇ ਨੂੰ ਵਿਆਹ 'ਚ ਇੱਕ ਮੁੱਖ ਰੂਪ ਵਿੱਚ ਮਨਾਇਆ ਜਾਂਦਾ ਹੈ। ਹਲਦੀ ਸਕਿਨ 'ਚ ਨਿਖਾਰ ਲਿਆਉਂਦੀ ਹੈ, ਇਸ 'ਚ ਦੁੱਧ ਮਿਲਾ ਕੇ ਲਗਾਉਣ ਨਾਲ ਟੈਨਿੰਗ ਦੂਰ ਹੁੰਦੀ ਹੈ।

* ਸ਼ਹਿਦ ਨੂੰ ਸਿੱਧੇ ਹੀ ਚਿਹਰੇ 'ਤੇ ਇਸਤੇਮਾਲ ਕੀਤਾ ਜਾ ਸਕਦਾ ਹੈ, ਇਹ ਨਾ ਸਿਰਫ ਸਕਿਨ ਦੀ ਨਮੀ ਬਣਾਈ ਰੱਖਦਾ ਹੈ, ਇਸ ਨਾਲ ਸਨਬਰਨ ਵੀ ਦੂਰ ਹੁੰਦਾ ਹੈ।

* ਖੰਡ ਨੂੰ ਕੱਟੇ ਨਿੰਬੂ 'ਤੇ ਲਗਾ ਕੇ ਕੂਹਣੀਆਂ ਅਤੇ ਗੋਡਿਆਂ 'ਤੇ ਗੋਲ-ਗੋਲ ਘੁਮਾਉਂਦੇ ਹੋਏ ਹੌਲੀ ਹੌਲੀ ਰਗੜਨ ਨਾਲ ਉਨ੍ਹਾਂ ਦਾ ਕਾਲਾਪਨ ਦੂਰ ਹੁੰਦਾ ਹੈ। ਇਸ ਨੂੰ ਆਪਣੇ ਹੱਥਾਂ ਨੂੰ ਨਰਮ ਅਤੇ ਮੁਲਾਇਮ ਬਣਾਉਣ ਲਈ ਵੀ ਇਸਤੇਮਾਲ ਕਰ ਸਕਦੇ ਹੋ।

* ਦੁੱਧ ਦੀ ਮਲਾਈ ਰੁਟੀਨ 'ਚ ਇਸਤੇਮਾਲ ਕਰਨ ਨਾਲ ਸਿਰਫ ਚਮੜੀ ਕੋਮਲ ਰਹਿੰਦੀ ਹੈ ਸਗੋਂ ਚਿਹਰੇ ਦੀਆਂ ਝੁਰੜੀਆਂ ਤੋਂ ਵੀ ਛੁਟਕਾਰਾ ਮਿਲਦਾ ਹੈ।

* ਦਹੀਂ ਲਗਾਉਣ ਨਾਲ ਚਿਹਰੇ ਦੀ ਟੈਨਿੰਗ ਅਤੇ ਦਾਗ ਧੱਬੇ ਦੂਰ ਹੁੰਦੇ ਹਨ। ਇਸ ਨੂੰ ਮੇਥੀ ਪਾਊਡਰ ਨਾਲ ਮਿਲਾ ਕੇ ਲਗਾਉਣ ਨਾਲ ਵਾਲਾਂ ਦੀ ਚਮਕ ਦੇਖਦੀ ਹੀ ਬਣਦੀ ਹੈ। ਇਸ ਨਾਲ ਵਾਲ ਮਜ਼ਬੂਤ ਅਤੇ ਮੁਲਾਇਮ ਬਣਦੇ ਹਨ।

* ਮੁੱਠੀ 'ਚ ਨਮਕ ਲੈ ਕੇ ਬਾਹਾਂ ਦੀ ਮਾਲਿਸ਼ ਕਰਨ ਨਾਲ ਚਮੜੀ 'ਚ ਕੋਮਲਤਾ ਆਉਂਦੀ ਹੈ, ਅਦਰਕ ਦੇ ਰਸ 'ਚ ਨਮਕ ਮਿਲਾ ਕੇ ਲਗਾਉਣ ਨਾਲ ਮਹਾਸਿਆਂ ਤੋਂ ਛੁਟਕਾਰਾ ਮਿਲਦਾ ਹੈ।

* ਬਰਫ ਦੇ ਇਸਤੇਮਾਲ ਨਾਲ ਨਾ ਸਿਰਫ ਚਿਹਰੇ 'ਤੇ ਤਾਜ਼ਗੀ ਆਉਂਦੀ ਹੈ ਸਗੋਂ ਡਾਰਕ ਸਰਕਲਸ ਵੀ ਦੂਰ ਹੁੰਦੇ ਹਨ। ਇਸ ਨੂੰ ਮੁਲਾਇਮ ਕੱਪੜੇ 'ਚ ਲਪੇਟ ਕੇ ਚਿਹਰੇ ਅਤੇ ਗਰਦਨ 'ਤੇ ਹਲਕੇ ਹੱਥ ਨਾਲ ਗੋਲ-ਗੋਲ ਘੁਮਾਓ, ਮੇਕਅਪ ਕਰਨ ਤੋਂ ਪਹਿਲਾਂ ਚਿਹਰੇ 'ਤੇ ਬਰਫ ਲਗਾਉਣ ਨਾਲ ਇਹ ਵੱਧ ਸਮੇਂ ਤੱਕ ਟਿਕਿਆ ਰਹਿੰਦਾ ਹੈ।

* ਗਲਿਸਰੀਨ ਇੱਕ ਬਿਹਤਰੀਨ ਮਾਇਸ਼ਚੁਰਾਈਜ਼ਰ ਹੈ। ਇਹ ਸਕਿਨ ਦੀ ਡ੍ਰਾਈਨੈਂਸ ਨੂੰ ਦੂਰ ਕਰਦੀ ਹੈ। ਇਸ ਨੂੰ ਸਿੱਧੇ ਜਾਂ ਗੁਲਾਬ ਜਲ ਨਾਲ ਮਿਲਾ ਕੇ ਇਸਤੇਮਾਲ ਕੀਤਾ ਜਾ ਸਕਦਾ ਹੈ।

* ਲੌਂਗ ਨੂੰ ਪਾਣੀ ਵਿੱਚ ਘਿਸ ਕੇ ਲਗਾਉਣ ਨਾਲ ਮੁਹਾਸੇ ਦੂਰ ਹੁੰਦੇ ਹਨ ਅਤੇ ਉਨ੍ਹਾਂ ਦੇ ਨਿਸ਼ਾਨ ਵੀ ਨਹੀਂ ਰਹਿੰਦੇ।

* ਆਂਵਲਾ ਅੰਮਿਤ ਫਲ ਅਖਵਾਉਂਦਾ ਹੈ, ਇਸ ਦਾ ਇਸਤੇਮਾਲ ਵਾਲਾਂ ਨੂੰ ਕਾਲਾ, ਸੰਘਣਾ ਅਤੇ ਲੰਬਾ ਬਣਾਉਂਦਾ ਹੈ। ਇਹ ਵਾਲਾਂ ਦਾ ਟੁੱਟਣਾ, ਝੜਨਾ ਅਤੇ ਸਮੇਂ ਤੋਂ ਪਹਿਲਾਂ ਚਿੱਟੇ ਹੋਣ ਤੋਂ ਰੋਕਦਾ ਹੈ।

* ਵੇਸਣ ਨੂੰ ਸਾਬਣ ਦੀ ਥਾਂ ਇਸਤੇਮਾਲ ਕਰਨ ਨਾਲ ਇਹ ਸਕਿਨ ਦੀ ਵਾਧੂ ਚਿਕਨਾਈ ਨੂੰ ਘੱਟ ਕਰ ਕੇ ਉਸ ਨੂੰ ਸਾਫ ਅਤੇ ਚਮਕਦਾਰ ਬਣਾਉਂਦਾ ਹੈ।

* ਫਲਾਂ ਅਤੇ ਸਬਜ਼ੀਆਂ ਦੇ ਛਿਲਕਿਆਂ ਦਾ ਇਸਤੇਮਾਲ ਵੀ ਚਮੜੀ ਦੀ ਕੋਮਲਤਾ ਬਣਾਈ ਰੱਖਣ ਦਾ ਬਿਹਤਰ ਉਪਾਅ ਹੈ।

# ਹਲਕਾ ਫੁਲਕਾ

ਮੁੰਨੀ ਨੂੰ ਜ਼ੋਰ ਜ਼ੋਰ ਨਾਲ ਰੋਂਦੀ ਦੇਖ ਕੇ ਮਾਂ ਨੇ ਪੁੱਛਿਆ, ''ਕਿਉਂ ਰੋਂਦੀ ਹੈਂ?''
ਮੁੰਨੀ, ''ਪੱਪੂ ਨੇ ਮੇਰੀ ਗੁੱਡੀ ਤੋੜ ਦਿੱਤੀ।''
ਮਾਂ, ''ਕਿਵੇਂ ਤੋੜ ਦਿੱਤੀ?''
ਮੁੰਨੀ, ''ਮੈਂ ਗੁੱਡੀ ਉਸ ਦੇ ਸਿਰ 'ਤੇ ਮਾਰ ਦਿੱਤੀ ਸੀ।''

*********

ਲੋਕਾਂ ਦੀ ਟਿਕਟ ਦੇਖਦਿਆਂ ਟੀ ਸੀ ਪ੍ਰਿੰਸ ਨੂੰ ਬੋਲਿਆ, ''ਟਿਕਟ ਦਿਖਾਓ।''
ਪ੍ਰਿੰਸ, ''ਇਹ ਲਓ ਸਰ।''
ਟੀ ਸੀ, ''ਇਹ ਤਾਂ ਪੁਰਾਣੀ ਟਿਕਟ ਹੈ।''
ਪ੍ਰਿੰਸ, ''ਓਏ, ਇਹ ਟਰੇਨ ਵੀ ਤਾਂ ਪੁਰਾਣੀ ਹੈ, ਇਹ ਕਿਹੜੀ ਸ਼ੋਅਰੂਮ 'ਚੋਂ ਆਈ ਹੈ।''

*********

ਇੰਜੀਨੀਅਰਿੰਗ ਦੇ ਵਿਦਿਆਰਥੀ, ''ਸਰ, ਅਸੀਂ ਕਾਲਜ ਵਿੱਚ ਅਜਿਹੀ ਚੀਜ਼ ਬਣਾਈ ਹੈ, ਜਿਸ ਦੀ ਮਦਦ ਨਾਲ ਤੁਸੀਂ ਕੰਧ ਦੇ ਆਰ ਪਾਰ ਦੇਖ ਸਕਦੇ ਹੋ।''
ਸਰ (ਖੁਸ਼ ਹੁੰਦੇ ਹੋਏ), ''ਵਾਹ! ਕੀ ਗੱਲ ਹੈ, ਕੀ ਚੀਜ਼ ਹੈ ਉਹ?''
ਵਿਦਿਆਰਥੀ, ''ਛੇਕ।''

General ਵੱਰਕਰਾਂ ਦੀ ਤੁਰੰਤ ਲੋੜ ਹੈ

ਬ੍ਰੈਂਪਟਨ ਤੋਂ ਸਿਰਫ 30 ਮਿੰਟਾਂ ਦੀ ਦੂਰੀ ਤੇ

Galvanizing plant located in Acton, ON

ਸਾਰੀਆਂ Shifts available ਹਨ

ਦਿਤੀਆਂ ਜਾਣ ਵਾਲੀਆਂ ਸਹੂਲਤਾਂ:

- Starting wage $16/hr + Medical Benefits
- Company Pension Plan
- Quarterly Incentive bonus

Send Resume to: christopherbrock@azz.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਵਿਅੰਗ

-ਸਰੂਪ ਸਿੰਘ ਸਹਾਰਨ ਮਾਜਰਾ

## ਮੋਦੀ ਦੀ ਜੁਮਲੇਬਾਜ਼ੀ

ਜੁਮਲੇ ਬੋਲਣੇ ਹਰ ਇੱਕ ਦੇ ਵਸ ਦੀ ਗੱਲ ਨਹੀਂ ਹੁੰਦੀ। ਇਹ ਵੀ ਇੱਕ ਕਲਾ ਹੈ, ਨਾਟਕਾਂ ਦੇ ਪਾਤਰਾਂ ਦਾ ਕੰਮ ਹੈ, ਜਾਂ ਫਿਰ ਫਿਲਮੀ ਹੀਰੋ ਜਾਂ ਖਲਨਾਇਕ ਬੋਲਦੇ ਹਨ। ਰਾਜਨੀਤੀ ਵਿੱਚ ਜੁਮਲੇਬਾਜ਼ੀ ਪਹਿਲੀ ਵਾਰ ਸੁਣਨ ਨੂੰ ਮਿਲੀ ਜਦੋਂ ਮੋਦੀ ਜੀ ਦੇ ਇੱਕ ਲੈਫਟੀਨੈਂਟ ਨੇ ਉਨ੍ਹਾਂ ਨੂੰ ਜੁਮਲੇਬਾਜ਼ ਐਲਾਨ ਦਿੱਤਾ। ਇਸ ਜੁਮਲੇ ਨੇ ਸਾਨੂੰ ਅਰਸ਼ ਤੋਂ ਫਰਸ ਤੇ ਲਿਆ ਸੁੱਟਿਆ। ਗੱਲ ਇਸ ਤਰ੍ਹਾਂ ਹੈ ਕਿ ਆਮ ਚੋਣਾਂ ਤੋਂ ਪਹਿਲਾਂ ਮੋਦੀ ਸਾਹਿਬ ਨੇ ਆਪਣੀ 56 ਇੰਚੀ ਛਾਤੀ ਠੋਕ ਕੇ ਕਿਹਾ ਸੀ ਕਿ ਜੇ ਉਹ ਪ੍ਰਧਾਨ ਮੰਤਰੀ ਬਣੇ ਤਾਂ ਦੁਨੀਆ ਭਰ ਦੇ ਦੇਸ਼ਾਂ ਦੇ ਬੈਂਕਾਂ ਵਿੱਚ ਭਾਰਤ ਦੇ ਚੋਰਾਂ ਵੱਲੋਂ ਜਮ੍ਹਾ ਕੀਤਾ ਕਾਲਾ ਧਨ ਆਪਣੇ ਦੇਸ਼ ਨੂੰ ਲੈ ਆਉਣਗੇ। ਉਹ ਧਨ ਏਨਾ ਹੈ ਕਿ ਹਰ ਭਾਰਤੀ ਨਾਗਰਿਕ ਦੇ ਖਾਤੇ ਵਿੱਚ 15-15 ਲੱਖ ਰੁਪਏ ਆ ਜਾਣਗੇ। ਅਸੀਂ ਉਨ੍ਹਾਂ ਲੋਕਾਂ ਵਾਂਗ ਆਪਣੇ ਬੱਚਿਆਂ ਦੀ ਸਹੁੰ ਤਾਂ ਖਾਵਾਂਗੇ ਨਹੀਂ, ਪਰ ਆਪਣੀ ਸਹੁੰ ਖਾ ਕੇ ਕਹਿੰਦੇ ਹਾਂ ਕਿ ਅਸੀਂ ਅੱਜ ਤੱਕ ਪੰਜ ਲੱਖ ਰੁਪਏ ਇਕੱਠੇ ਨਹੀਂ ਵੇਖੇ, 15 ਲੱਖ ਦੀ ਗੱਲ ਹੀ ਛੱਡੋ, ਪਰ ਮੋਦੀ ਸਾਹਿਬ ਦੀ ਗੱਲ ਸੁਣ ਕੇ ਦਿਲ ਵਿੱਚ ਕੁਤਕਤਾਰੀਆਂ ਨਿਕਲਣ ਲੱਗ ਪਈਆਂ। ਸਾਨੂੰ ਯਕੀਨ ਹੋ ਗਿਆ ਕਿ ਇੱਕ ਅਸੀਂ ਵੀ ਲੱਖਪਤੀ ਬਣ ਜਾਵਾਂਗੇ, ਪਰ ਹਾਏ ਉਏ ਸਾਡੀ ਕਿਸਮਤ, ਉਨ੍ਹਾਂ ਦੇ ਲੈਫਟੀਨੈਂਟ ਨੇ ਜਦੋਂ ਗੱਲ ਸਾਫ ਕੀਤੀ ਤਾਂ ਪਤਾ ਲੱਗਾ ਇਹ ਸਿਰਫ ਚੁਣਾਵੀ ਜੁਮਲਾ ਸੀ। ਸਾਡਾ ਦਿਲ ਧੱਕ ਕਰ ਕੇ ਬੈਠ ਗਿਆ। ਉਸ ਸਮੇਂ ਮੋਦੀ ਸਾਹਿਬ ਨੇ ਆਪਣੀ ਆਦਤ ਅਨੁਸਾਰ ਆਪਣੀਆਂ ਦੋਵਾਂ ਬਾਹਾਂ ਉਲਾਰ ਕੇ ਕਿਹਾ ਕਿ ਡਾਕਟਰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਾਂਗਾ, ਜਿਸ ਵਿੱਚ ਕਿਹਾ ਗਿਆ ਹੈ ਕਿ ਖੇਤੀ ਦੇ ਸਾਰੇ ਖਰਚੇ ਲਾ ਕੇ ਜਿੰਨੇ ਪੈਸੇ ਬਣਦੇ ਹੋਣ, ਉਸ ਦਾ 50 ਫੀਸਦੀ ਕਿਸਾਨ ਨੂੰ ਮੁਨਾਫਾ ਦਿੱਤਾ ਜਾਵੇਗਾ। ਇਹ ਗੱਲ ਸੁਣ ਕੇ ਖੁਸ਼ੀ ਵਿੱਚ ਅਸੀਂ ਭੰਗੜੇ ਪਾਉਣ ਲੱਗੇ, ਆਮ ਚੋਣਾਂ ਤੋਂ ਪਿੱਛੋਂ ਪਤਾ ਲੱਗਾ ਕਿ ਇਹ ਵੀ ਮੋਦੀ ਸਾਹਿਬ ਦਾ ਚੁਣਾਵੀ ਜੁਮਲਾ ਸੀ। ਸਾਡਾ ਦਿਲ ਟੁੱਟ ਗਿਆ। ਹੁਣ ਉਨ੍ਹਾਂ ਦੀਆਂ ਕਹੀਆਂ ਗੱਲਾਂ ਦਾ ਰੋਲ ਘਚੋਲਾ ਜਿਹਾ ਪੈ ਗਿਆ ਤੇ ਸ਼ੱਕ ਹੋਣ ਲੱਗਾ ਹੈ ਕਿ ਉਨ੍ਹਾਂ ਉਸ ਸਮੇਂ ਕਿਹੜੀ ਗੱਲ ਠੀਕ ਕਹੀ ਸੀ ਅਤੇ ਕਿਹੜੇ ਜੁਮਲੇ ਕਹੇ ਸਨ।

ਪਹਿਲਾਂ ਤਾਂ ਲੱਗਾ ਕਿ ਚਾਹ ਵਾਲੇ ਮੋਦੀ ਬੜੇ ਸਾਫ ਸੁਥਰੇ ਆਦਮੀ ਹਨ ਤੇ ਸੋਚ ਸਮਝ ਕੇ ਗੱਲ ਕਰਦੇ ਹਨ, ਪਰ ਉਨ੍ਹਾਂ ਦਾ ਇੱਕੋ ਜੁਮਲਾ, 15 ਲੱਖ ਗੁਲ ਹੋ ਗਏ। ਇਸ ਤਰ੍ਹਾਂ ਲੱਗਦਾ ਹੈ ਕਿ ਇਹ ਉਸਤਾਦਾਂ ਦੇ ਉਸਤਾਦ ਨਿਕਲੇ ਹਨ। ਇਨ੍ਹਾਂ ਵੀ ਸੁਫਨੇ ਵੇਚਣੇ ਸ਼ੁਰੂ ਕਰ ਦਿੱਤੇ ਹਨ, ਹੁਣ ਅਸੀਂ ਪਾਰਟੀ ਪ੍ਰਧਾਨ ਨੂੰ ਕੀ ਬੇਨਤੀ ਕਰੀਏ ਭਾਈ ਸਾਹਿਬ ਇਹ ਪਬਲਿਕ ਹੈ, ਸਭ ਜਾਣਦੀ ਹੈ, ਜੇ ਆਪਣੇ ਨਰਿੰਦਰ ਭਾਈ ਸਾਹਿਬ ਦੇ ਭਾਸ਼ਣਾਂ ਵਿੱਚੋਂ ਇੱਕ ਅੱਧ ਹੋਰ ਜੁਮਲੇ ਕੱਢ ਦਿੱਤੇ ਤਾਂ ਫਿਰ ਲੈਣੇ ਦੇ ਦੇਣੇ ਪੈ ਜਾਣਗੇ। ਦਿੱਲੀ ਦੇ ਤਖਤੇ ਤਾਊਸ ਉਪਰ ਇੱਕ ਤੋਂ ਇੱਕ ਸੂਰਮਾ ਬੈਠ ਚੁੱਕਾ ਹੈ ਤੇ ਜਨਤਾ ਨੇ ਵੇਖਦੇ ਵੇਖਦੇ ਉਨ੍ਹਾਂ ਨੂੰ ਥੱਲੇ ਲਾਹ ਕੇ ਮਿੱਟੀ ਵਿੱਚ ਮਿਲਾ ਦਿੱਤਾ ਸੀ। ਇਸ ਕਰ ਕੇ ਮੋਦੀ ਸਾਹਿਬ ਬਹੁਤ ਹੋ ਗਿਆ, ਪਬਲਿਕ ਨੂੰ ਹੋਰ ਜੁਮਲੇ ਨਾ ਵੇਚੋ, ਕਿਉਂਕਿ ਉਨ੍ਹਾਂ ਨੂੰ ਤੁਹਾਡੇ ਜੁਮਲਿਆਂ ਦੀ ਸਮਝ ਆ ਗਈ ਹੈ।

ਨਰਿੰਦਰ ਵੀਰ ਜੀ ਦਿੱਲੀ ਦੇ ਲੋਕ ਬਹੁਤ ਸਿਆਣੇ ਨਿਕਲੇ। ਆਖਰ ਰਾਜਧਾਨੀ ਵਿੱਚ ਰਹਿ ਰਹੇ ਹਨ, ਜਿਨ੍ਹਾਂ ਨੇ ਤੁਹਾਡੇ ਜੁਮਲਿਆਂ ਨੂੰ ਸਭ ਤੋਂ ਪਹਿਲਾਂ ਸਮਝ ਲਿਆ ਤੇ ਜਿਸ ਕਰ ਕੇ ਤੁਹਾਡੀ ਪਾਰਟੀ ਨੂੰ ਉਥੇ ਮੂੰਹ ਦੀ ਖਾਣੀ ਪਈ। ਫਿਰ ਤੁਹਾਡੇ ਜੁਮਲੇ ਬਿਹਾਰੀਆਂ ਦੀ ਸਮਝ ਵਿੱਚ ਆਏ, ਜਿਸ ਦਾ ਸਿੱਟਾ ਤੁਹਾਡੀ ਪਾਰਟੀ ਦੇ ਉਥੇ ਪੈਰ ਨਹੀਂ ਲੱਗੇ। ਫਿਰ ਰਾਜਾਂ ਦੇ ਵਾਸੀਆਂ ਨੇ ਤੁਹਾਡੇ ਜੁਮਲਿਆਂ ਦੀ ਸਜ਼ਾ ਤੁਹਾਨੂੰ ਪੰਜਾਬ ਸਮੇਤ ਤਿੰਨ ਰਾਜਾਂ ਵਿੱਚ ਹਰਾ ਕੇ ਦਿੱਤੀ ਭਾਵੇਂ ਦੋ ਰਾਜਾਂ ਵਿੱਚ ਤੁਸੀਂ ਵਿਰੋਧੀ ਮੈਂਬਰਾਂ ਨੂੰ ਲਾਲਚ ਦੇ ਕੇ, ਆਪਣੀ ਸਰਕਾਰ ਬਣਾ ਗਏ। ਇਸ ਲਈ ਤੁਸੀਂ ਆਪਣੇ ਅਦਨੇ ਜਿਹੇ ਵੱਡੇ ਵੀਰ ਦੀ ਸਲਾਹ ਮੰਨੋ, ਆਪਣੀ ਅਕਲ ਨੂੰ ਹੱਥ ਮਾਰੋ ਅਤੇ ਸੰਭਲ ਜਾਓ।

ਸੋ ਭਾਈ ਨਰਿੰਦਰ ਮੋਦੀ ਜੀ, ਜੁਮਲੇ ਵੇਚਣ ਦਾ ਸਮਾਂ ਚਲਾ ਗਿਆ ਹੈ। ਇਸ ਲਈ ਜਨਤਾ ਨੂੰ ਸਸਤਾ ਅਨਾਜ, ਸਸਤੀਆਂ ਦਾਲਾਂ, ਸਸਤੀ ਸਬਜ਼ੀ, ਦੁੱਧ, ਘਰ ਸਸਤਾ, ਸਸਤੀ ਸਿਖਿਆ, ਸਫਰ ਸਸਤਾ, ਮੁਫਤ ਸਿਹਤ ਸੁਰੱਖਿਆ ਬੈਂਕਾਂ ਸਾਹਮਣੇ ਲੰਮੀਆਂ ਕਤਾਰਾਂ ਵਿੱਚ ਖਲੋਣ ਤੋਂ ਛੁਟਕਾਰਾ, ਪੱਕਾ ਰੁਜ਼ਗਾਰ, ਇਨਸਾਫ ਸੁੱਰਖਿਆਅ ਤੇ ਸਮਾਜਕ ਸੁਰੱਖਿਆ ਚਾਹੀਦੀ ਹੈ, ਤੁਹਾਡੇ ਜੁਮਲਿਆਂ ਨਾਲ ਪੇਟ ਨਹੀਂ ਭਰਨ ਵਾਲਾ। ਸੱਚੀ ਗੱਲ ਇਹ ਹੈ ਕਿ ਪੂਰੀ ਦੁਨੀਆਂ ਵਿੱਚ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਅੱਧ ਨਾਲੋਂ ਜ਼ਿਆਦਾ ਘਟ ਗਈਆਂ ਹਨ, ਪਰ ਤੁਸੀਂ ਸਰਕਾਰ ਦੀ ਜੇਬ ਭਰਨ ਵਿੱਚ ਲੱਗੇ ਹੋਏ ਹੋ। ਜੇ ਅਗਲੇ ਰਾਜਾਂ ਦੀਆਂ ਚੋਣਾਂ ਵਿੱਚ ਕੋਈ ਉਲਟ ਪੁਲਟ ਹੋ ਗਿਆ ਤਾਂ ਕੀ ਤੁਸੀਂ ਉਸ ਸਮੇਂ ਲਈ ਕੋਈ ਜੁਮਲਾ ਕਹਿਣ ਲਈ ਸੋਚਿਆ ਹੈ? ਜੇ ਨਹੀਂ ਸੋਚਿਆ ਤਾਂ ਜ਼ਰੂਰ ਸੋਚਿਓ, ਕਿਉਂਕਿ ਲੋਕਾਂ ਨੂੰ ਜ਼ੁਬਾਨ ਦੇਣ ਲਈ ਕੋਈ ਤਾਂ ਜੁਮਲਾ ਬੋਲਣਾ ਪਵੇਗਾ, ਪਰ ਤੁਹਾਡੀ ਸਥਿਤੀ ਉਸ ਸੱਪ ਵਰਗੀ ਹੈ ਜਿਸ ਦੇ ਮੂੰਹ ਵਿੱਚ ਕਿਰਲੀ ਆ ਗਈ ਸੀ। ਜੇ ਉਸ ਨੂੰ ਨਿਗਲਦਾ ਤਾਂ ਕੋਹੜੀ ਹੁੰਦਾ ਤੇ ਜੇ ਛੱਡਦਾ ਤਾਂ ਕਲੰਕ ਲੱਗਦਾ। ਜੇ ਜੁਮਲਾ ਨਹੀਂ ਬੋਲਦੇ ਤਾਂ ਕਲੰਕ ਲੱਗਦਾ ਹੈ, ਜੇ ਬੋਲਦੇ ਹੋ ਤਾਂ ਸੱਚ ਜਾਣਿਓ, ਪਾਰਟੀ ਦਾ ਨਾਂਅ ਬਦਨਾਮ ਹੋ ਜਾਵੇਗਾ, ਭਾਜਪਾ ਭਾਵ ਭਾਰਤੀ ਜੁਮਲਾ ਪਾਰਟੀ। ਹੁਣ ਜਿੰਨੀ ਸਾਡੀ ਸਮਝ ਹੈ ਉਹ ਕਹਿ ਦਿੱਤਾ ਹੈ, ਬਾਕੀ ਤੁਸੀਂ ਜਾਣੋ। ਵੈਸੇ ਤੁਹਾਡੇ ਬੰਦੇ ਤੁਹਾਨੂੰ ਦਿੱਲੀ ਦਾ ਚਾਣਕੀਆ ਕਹਿਣ ਲੱਗੇ ਹਨ, ਪਰ ਚਾਣਕੀਆ ਇਤਿਹਾਸ ਵਿੱਚ ਇੱਕੋ ਹੋਇਆ ਸੀ, ਬਾਕੀ ਸਭ ਗੱਲਾਂ ਵਜਾਉਣ ਵਾਲੇ ਸਨ।

## ਕਿਉਂ ਟੁੱਟ ਰਿਹੈ ਨੌਜਵਾਨਾਂ ਦਾ ਸਾਹਿਤ ਨਾਲੋਂ ਨਾਤਾ?

-ਕੁਲਦੀਪ ਸਿੰਘ ਢਿੱਲੋਂ-



ਨਰੋਏ ਸਮਾਜ ਦੀ ਸਿਰਜਣਾ ਵਿੱਚ ਸਾਹਿਤ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਮਿਆਰੀ ਸਾਹਿਤ ਇਨਸਾਨ ਲਈ ਮਾਰਗ ਦਰਸ਼ਕ ਹੋ ਨਿੱਬੜਦਾ ਹੈ। ਵਿਹਲੇ ਰਹਿਣ ਜਾਂ ਗਲਤ ਸੰਗਤ ਵਿੱਚ ਪੈਣ ਨਾਲੋਂ ਚੰਗਾ ਹੈ ਕਿਤਾਬਾਂ ਨਾਲ ਦੋਸਤੀ ਕਰ ਲਈ ਜਾਵੇ। ਇਕ ਵਿਦਵਾਨ ਨੇ ਲਿਖਿਆ ਹੈ ਕਿ ਚੰਗਾ ਸਾਹਿਤ ਸਾਨੂੰ ਝੰਜੋੜ ਕੇ ਸੋਚਣ ਨੂੰ ਮਜ਼ਬੂਰ ਕਰ ਦਿੰਦਾ ਹੈ। ਚੰਗਾ ਸਾਹਿਤ ਪੜ੍ਹਨ ਤੋਂ ਬਾਅਦ ਇੰਜ ਜਾਪਣ ਲੱਗਦਾ ਹੈ ਕਿ ਅਸੀਂ ਉਹ ਨਹੀਂ ਰਹੇ, ਜੋ ਪਹਿਲਾਂ ਸੀ। ਉਹ ਵਿਦਵਾਨ ਅੱਗੇ ਲਿਖਦਾ ਹੈ ਕਿ ਚੰਗਾ ਸਾਹਿਤ ਪੜ੍ਹਨ ਨਾਲ ਸਾਡਾ ਜੀਵਨ ਪ੍ਰਤੀ ਨਜ਼ਰੀਏ ਦਾ ਘੇਰਾ ਵਿਸ਼ਾਲ ਹੁੰਦਾ ਹੈ ਤੇ ਇਨਸਾਨ ਜੇ ਸੋਚਵਾਨ ਹੋਵੇ ਤਾਂ ਉਹ ਛੋਟੀਆਂ-ਛੋਟੀਆਂ ਗੱਲਾਂ ਤੋਂ ਉਪਰ ਉਠ ਜਾਂਦਾ ਹੈ। ਉਸ ਦੇ ਅੰਦਰਲੀ ਮੈਂ ਦੀ ਭਾਵਨਾ ਮਰ ਜਾਂਦੀ ਹੈ। ਸਾਹਿਤ ਨੂੰ ਸੰਗੀਤ ਵਾਂਗ ਰੂਹ ਦੀ ਖ਼ੁਰਾਕ ਬਣਾ ਲੈਣਾ ਚਾਹੀਦਾ ਹੈ।

ਅਫਸੋਸ ਕਿ ਅਜੋਕੀ ਨੌਜਵਾਨ ਪੀੜ੍ਹੀ ਜਿਥੇ ਆਪਣੇ ਵਿਰਸੇ, ਬੋਲੀ ਅਤੇ ਰੀਤੀ ਰਿਵਾਜਾਂ ਤੋਂ ਦੂਰ ਹੋ ਰਹੀ ਹੈ, ਉਥੇ ਸਾਹਿਤ ਨਾਲੋਂ ਵੀ ਨਾਤਾ ਟੁੱਟਦਾ ਜਾਂਦਾ ਹੈ। ਅਜੋਕੇ ਬਹੁਤ ਸਾਰੇ ਨੌਜਵਾਨ ਅਤੇ ਮੁਟਿਆਰਾਂ ਵਧੀਆ ਸਾਹਿਤਕ ਕਿਤਾਬਾਂ ਪੜ੍ਹਨ ਜਾਂ ਕੁਝ ਲਿਖਣ ਨੂੰ ਵਿਹਲਪੁਣਾ ਜਾਂ ਮਗਜ ਖਪਾਈ ਸਮਝਦੇ ਹਨ। ਲਗਭਗ ਹਰ ਸਕੂਲ ਕਾਲਜ ਵਿੱਚ ਲਾਇਬ੍ਰੇਰੀ ਹੁੰਦੀ ਹੈ, ਪਰ ਇਨ੍ਹਾਂ ਲਾਇਬ੍ਰੇਰੀਆਂ ਵਿੱਚ ਬੈਠ ਕੇ ਚੰਗੀਆਂ ਸਾਹਿਤਕ ਕਿਤਾਬਾਂ ਕਿੰਨੇ ਵਿਦਿਆਰਥੀ ਪੜ੍ਹਦੇ ਹਨ, ਇਹ ਸੱਚਾਈ ਸਾਰੇ ਜਾਣਦੇ ਹਨ। ਅਜੋਕੀ ਨੌਜਵਾਨ ਪੀੜ੍ਹੀ ਕੋਲ ਸਾਹਿਤ ਪੜ੍ਹਨ ਲਈ ਮਿੰਟ ਦਾ ਵੀ ਸਮਾਂ ਨਹੀਂ, ਪਰ ਵਿਹਲੇ ਬਹਿ ਕੇ ਗੱਪਾਂ ਮਾਰਨ, ਦੂਜਿਆਂ ਦੀ ਨੁਕਤਾਚੀਨੀ ਕਰਨ, ਮੋਬਾਈਲ ਉਤੇ ਘੰਟਿਆਂ ਬੱਧੀ ਗੱਲਾਂ ਕਰਨ ਲਈ ਸਮਾਂ ਜ਼ਰੂਰ ਹੁੰਦਾ ਹੈ। ਜੇ ਕਿਸੇ ਨੂੰ ਸਾਹਿਤ ਪੜ੍ਹਨ ਲਈ ਕਿਹਾ ਜਾਵੇ ਤਾਂ ਜਵਾਬ ਮਿਲਦਾ ਹੈ, 'ਸਾਥੋਂ ਤਾਂ ਆਪਣੇ ਸਿਲੇਬਸ ਦੀਆਂ ਕਿਤਾਬਾਂ ਨਹੀਂ ਪੜ੍ਹੀਆਂ ਜਾਂਦੀਆਂ, ਹੋਰ ਕਿਤਾਬਾਂ ਨਾਲ ਕੌਣ ਮੱਥਾ ਮਾਰੇ।'

ਅੱਜ ਦੇ ਸਮੇਂ ਵਿੱਚ ਜੇ ਕੋਈ ਨੌਜਵਾਨ ਸਾਹਿਤ ਪੜ੍ਹਨ ਜਾਂ ਕੁਝ ਲਿਖਣ ਦਾ ਸ਼ੌਕ ਰੱਖਦਾ ਹੋਵੇ, ਸਾਹਿਤ ਪੜ੍ਹਨ ਨੂੰ ਵਿਹਲਪੁਣਾ ਦੱਸਣ ਵਾਲੇ ਉਸ ਨੂੰ ਮਸ਼ਕਰੀਆਂ ਕਰਦੇ ਹਨ। ਸਕੂਲਾਂ ਕਾਲਜਾਂ ਦੀਆਂ ਲਾਇਬ੍ਰੇਰੀਆਂ ਵਿੱਚ ਪਈਆਂ ਲੱਖਾਂ ਕਿਤਾਬਾਂ ਪਾਠਕਾਂ ਨੂੰ ਉਡੀਕਦੀਆਂ ਹਨ, ਪਰ ਬਹੁਤ ਘੱਟ ਅਜਿਹੇ ਵਿਦਿਆਰਥੀ ਹੋਣਗੇ, ਜਿਹੜੇ ਵਿਹਲੇ ਸਮੇਂ ਵਿੱਚ ਕੋਈ ਚੰਗੀ ਕਿਤਾਬ ਪੜ੍ਹਨ ਵਿੱਚ ਦਿਲਚਸਪੀ ਰੱਖਦੇ ਹਨ। ਕਿਹਾ ਜਾਂਦਾ ਹੈ ਕਿ ਦੁਨੀਆ ਇਕ ਕਿਤਾਬ ਦੀ ਤਰ੍ਹਾਂ ਹੈ, ਜਿਸ ਨੇ ਇਸ ਨੂੰ ਦਿਲਚਸਪੀ ਨਾਲ ਪੜ੍ਹ ਲਿਆ, ਉਹ ਨਾ ਕਦੇ ਅਸਫਲ ਹੁੰਦਾ ਹੈ, ਨਾ ਔਖੇ ਵੇਲੇ ਹੌਸਲਾ ਛੱਡਦਾ ਹੈ। ਜਿਹੜੇ ਕਹਿੰਦੇ ਹਨ ਕਿ ਕਿਤਾਬਾਂ ਕੀ ਦੇਣਗੀਆਂ, ਇਹ ਉਨ੍ਹਾਂ ਦੀ ਭਾਵਨਾ ਉੱਤੇ ਨਿਰਭਰ ਕਰਦਾ ਹੈ ਕਿ ਉਹ ਕੀ ਚਾਹੁੰਦੇ ਹਨ? ਚੰਗੀਆਂ ਸਾਹਿਤਕ ਕਿਤਾਬਾਂ ਪੜ੍ਹ ਕੇ ਦ੍ਰਿੜ੍ਹਤਾ, ਸਹਿਣਸ਼ੀਲਤਾ, ਸਵੈ-ਨਿਰਭਰਤਾ ਵਰਗੇ ਕਈ ਗੁਣ ਆਪਣੇ ਅੰਦਰ ਪੈਦਾ ਕੀਤੇ ਜਾ ਸਕਦੇ ਹਨ। ਸਾਹਿਤ ਪੜ੍ਹਦਿਆਂ ਕਈ ਵਾਰ ਅਜਿਹੀ ਸੇਧ ਮਿਲਦੀ ਹੈ ਕਿ ਇਨਸਾਨ ਆਮ ਤੋਂ ਖਾਸ ਬਣ ਜਾਂਦਾ ਹੈ।

ਸਾਹਿਤ ਵਿੱਚ ਦਿਲਚਸਪੀ ਲੈਣ ਵਾਲੇ ਨੌਜਵਾਨਾਂ ਦੀ ਗਿਣਤੀ ਆਟੇ ਵਿੱਚ ਲੂਣ ਬਰਾਬਰ ਹੈ, ਪਰ ਇਨ੍ਹਾਂ ਵਿੱਚੋਂ ਕੁਝ ਨੌਜਵਾਨ ਸਾਹਿਤ ਨਾਲ ਜੁੜ ਕੇ ਇਸ ਦਾ ਘੇਰਾ ਵਿਸ਼ਾਲ ਕਰਨ ਲਈ ਯਤਨਸ਼ੀਲ ਹਨ, ਜੋ ਤਸੱਲੀ ਵਾਲੀ ਗੱਲ ਹੈ। ਕੁਝ ਨੌਜਵਾਨ ਆਪਣੇ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਵਿੱਚ ਸਾਹਿਤਕ ਸਮਾਗਮ ਕਰਵਾ ਕੇ ਹੋਰਾਂ ਨੌਜਵਾਨਾਂ ਨੂੰ ਚੰਗੇ ਪਾਸੇ ਵੱਲ ਲਾਉਣ ਦਾ ਯਤਨ ਕਰ ਰਹੇ ਹਨ। ਸਾਡੀ ਨੌਜਵਾਨ ਪੀੜ੍ਹੀ ਨੂੰ ਚਾਹੀਦਾ ਹੈ ਕਿ ਸਾਹਿਤ ਪੜ੍ਹਨ ਨੂੰ ਤਰਜੀਹ ਦੇਵੇ ਤਾਂ ਹੀ ਉਨ੍ਹਾਂ ਦਾ ਬੌਧਿਕ ਵਿਕਾਸ ਸੰਭਵ ਹੈ।

## ਗੁੜ ਖਾ ਲੈ ਬਚਨੀਏ ਤੱਤਾ..

-ਲਖਬੀਰ ਸਿੰਘ ਦੌਦਪੁਰ





ਸਿਆਲ ਚੜ੍ਹਦੇ ਸਾਰ ਖਾਣ ਪੀਣ ਦੀਆਂ ਵਸਤਾਂ ਵਿੱਚ ਤਬਦੀਲੀ ਆ ਜਾਂਦੀ ਹੈ। ਗਰਮੀ ਦੇ ਮੌਸਮ ਵਿੱਚ ਠੰਢੀਆਂ ਚੀਜ਼ਾਂ ਖਾਣ ਪੀਣ ਨੂੰ ਵਰਤੀਆਂ ਜਾਂਦੀਆਂ ਹਨ, ਸਰਦੀਆਂ ਵਿੱਚ ਗਰਮ ਤਕਸੀਰ ਵਾਲੇ ਪਦਾਰਥ ਵਰਤੇ ਜਾਂਦੇ ਹਨ।

ਪੰਜਾਬੀ ਸ਼ੁਰੂ ਤੋਂ ਖਾਣ ਪੀਣ ਪੱਖੋਂ ਖੁੱਲ੍ਹੇ ਤੇ ਸ਼ੌਕੀਨ ਰਹੇ ਹਨ। ਉਨ੍ਹਾਂ ਦਾ ਖਾਣ ਪੀਣ ਜਿਥੇ ਸਿਹਤ ਪੱਖੋਂ ਤੰਦਰੁਸਤੀ ਦੇਣ ਵਾਲਾ ਹੁੰਦਾ ਹੈ, ਉਥੇ ਸਵਾਦ ਪੱਖੋਂ ਵੀ ਵੰਨ ਸੁਵੰਨਤਾ ਮਿਲਦੀ ਹੈ। ਸਿਆਲ ਵਿੱਚ ਜਿਥੇ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ ਪੰਜਾਬੀਆਂ ਦਾ ਮਨ ਭਾਉਂਦਾ ਭੋਜਨ ਹੈ ਤਾਂ ਗੱਚਕ ਤੇ ਰਿਓੜੀਆਂ, ਮੂੰਗਫਲੀਆਂ, ਗੁੜ ਆਦਿ ਸ਼ੌਕ ਨਾਲ ਖਾਧੇ ਜਾਂਦੇ ਹਨ। ਇਨ੍ਹਾਂ ਵਿੱਚ ਗੁੜ ਅਜਿਹਾ ਹੈ, ਜੋ ਪੰਜਾਬੀ ਲੋਕ ਕਈ ਤਰ੍ਹਾਂ ਖਾਣ ਪੀਣ ਲਈ ਵਰਤਦੇ ਹਨ। ਇਸ ਨੂੰ ਵਿਸ਼ੇਸ਼ ਕਰਕੇ ਸਿਆਲ ਵਿੱਚ ਖਾਣ ਲਈ ਵਧੇਰੇ ਵਰਤਿਆ ਜਾਂਦਾ ਹੈ। ਇਹ ਸਦੀਆਂ ਤੋਂ ਪੰਜਾਬੀ ਲੋਕਾਂ ਦੀ ਖੁਰਾਕ ਵਿੱਚ ਸ਼ਾਮਲ ਰਿਹਾ ਹੈ। ਮੱਧ-ਕਾਲੀ ਪੰਜਾਬੀ ਕਾਵਿ ਵਿੱਚ ਵੀ ਗੁੜ ਦੇ ਕਾਫੀ ਹਵਾਲੇ ਮਿਲਦੇ ਹਨ:

ਵਾਰਿਸ ਸ਼ਾਹ ਲੁਕਾਈਏ ਜੱਗ ਕੋਲੋਂ,
ਭਾਵੇਂ ਆਪਣਾ ਹੀ ਗੁੜ ਖਾਈਏ ਜੀ।

ਸਿਆਲ ਦੀ ਆਮਦ ਨਾਲ ਪੰਜਾਬ ਵਿੱਚ ਗੁੜ ਬਣਾਉਣ ਵਾਸਤੇ ਲੱਗੀਆਂ ਘੁਲਾੜੀਆਂ ਚੱਲਦੀਆਂ ਦਿੱਸ ਪੈਂਦੀਆਂ ਹਨ। ਉਂਝ ਸਮੇਂ ਅਨੁਸਾਰ ਇਨ੍ਹਾਂ ਵਿੱਚ ਪਰਿਵਰਤਨ ਆਇਆ ਹੈ। ਅੱਜ ਕੱਲ੍ਹ ਇਹ ਘੁਲਾੜੀਆਂ ਇੰਜਣਾਂ, ਟਰੈਕਟਰਾਂ ਦੇ ਨਾਲ ਚਲਾਈਆਂ ਜਾਂਦੀਆਂ ਹਨ। ਇਕ ਸਮਾਂ ਸੀ, ਜਦੋਂ ਪਿੰਡਾਂ ਵਿੱਚ ਬਲਦਾਂ ਅਤੇ ਬੋਤਿਆਂ ਨਾਲ ਘੁਲਾੜੀਆਂ ਚਲਾ ਕੇ ਗੁੜ ਤਿਆਰ ਕੀਤਾ ਜਾਂਦਾ ਸੀ ਤੇ ਘੁਲਾੜੀਆਂ ਉੱਤੇ ਬੜੀ ਰੌਣਕ ਲੱਗਦੀ ਸੀ। ਆਉਂਦੇ ਜਾਂਦੇ ਨੂੰ ਗੁੜ ਖਾਣ ਲਈ ਸੁਲ੍ਹਾ ਮਾਰ ਲਈ ਜਾਂਦੀ ਸੀ। ਉਹ ਗਰਮ-ਗਰਮ ਗੁੜ ਦਾ ਸੁਆਦ ਚਖਦੇ ਸਨ।

ਗੁੜ ਖਾ ਲੈ ਬਚਨੀਏ ਤੱਤਾ
ਮੀਂਹੇ ਦੀ ਘਲਾੜੀ ਚੱਲਦੀ।

ਮੁੰਡਾ ਜੰਮੇ ਤੋਂ ਗੁੜ ਦੀ ਭੇਲੀ ਭੇਜਣ ਦਾ ਰਿਵਾਜ ਅੱਜ ਵੀ ਕਾਇਮ ਹੈ।

ਧੀ ਜੰਮੀ ਤੋਂ ਮੱਥੇ ਵੱਟ ਪਾਇਆ,
ਪੁੱਤ ਜੰਮੇ ਗੁੜ ਵੰਡਦੇ।

ਗੁੜ ਦਾ ਪੰਜਾਬੀ ਸੱਭਿਆਚਾਰ ਵਿੱਚ ਵਿਸ਼ੇਸ਼ ਸਥਾਨ ਹੈ। ਹਰ ਸ਼ਗਨ ਮੌਕੇ ਗੁੜ ਮੌਜੂਦ ਹੁੰਦਾ ਹੈ। ਨਵੇਂ ਜੰਮੇ ਬੱਚੇ ਨੂੰ ਜਿਹੜੀ ਵਸਤੂ ਸਭ ਤੋਂ ਪਹਿਲਾਂ ਮੂੰਹ ਲਾਈ ਜਾਂਦੀ ਹੈ, ਉਹ ਗੁੜ ਨਾਲ ਤਿਆਰ ਕੀਤੀ ਹੁੰਦੀ ਹੈ। ਇਸੇ ਕਰਕੇ ਇਸ ਨੂੰ ਗੁੜ੍ਹਤੀ ਕਿਹਾ ਜਾਂਦਾ ਹੈ। ਪੰਜਾਬ ਵਿੱਚ ਜਿਥੇ ਗੁੜ ਤਿੱਥਾਂ, ਤਿਓਹਾਰਾਂ, ਖੁਸ਼ੀਆਂ, ਸ਼ਗਨਾਂ ਮੌਕੇ ਮੂੰਹ ਮਿੱਠਾ ਕਰਾਉਣ ਲਈ ਵਰਤਿਆ ਜਾਂਦਾ ਹੈ, ਉਥੇ ਰੋਟੀ ਤੋਂ ਉਪਰੰਤ ਗੁੜ ਖਾਇਆ ਜਾਂਦਾ ਹੈ। ਕਿਸੇ ਖਾਸ ਮੌਸਮ ਜਿਵੇਂ ਸਿਆਲ ਜਾਂ ਚੁਮਾਸੇ ਵਿੱਚ ਮੀਂਹ ਪੈਣ ਵੇਲੇ ਗੁੜ ਦੇ ਗੁਲਗਲੇ ਬਣਾਏ ਜਾਂਦੇ ਹਨ:

ਗੁੜ ਪਾ ਕੇ ਗੁਲਗਲੇ ਕੀਤੇ
ਭੜੋਲੇ ਵਿਚੋਂ ਭੇਲੀ ਭੰਨ ਲਈ।

ਗੁੜ ਦੀ ਚਾਹ ਤੇ ਗੁੜ ਜਾਂ ਸ਼ੱਕਰ ਵਾਲਾ ਦੁੱਧ ਅੱਜ ਵੀ ਲੋਕ ਬੜੇ ਚਾਅ ਨਾਲ ਪੀਂਦੇ ਹਨ। ਗਰਮੀਆਂ ਵਿੱਚ ਵਾਢੀ ਆਦਿ ਸਮੇਂ ਸ਼ੱਕਰ ਵਿੱਚ ਦੇਸੀ ਘਿਓ ਰਲਾ ਕੇ ਖਾਧਾ ਜਾਂਦਾ ਸੀ। ਇਹ ਤਾਕਤਵਰ ਹੋਣ ਦੇ ਨਾਲ-ਨਾਲ ਸੰਘ ਅਤੇ ਆਂਦਰਾਂ ਦੀ ਸਫਾਈ ਵੀ ਕਰਦਾ ਸੀ। ਇਸ ਤੋਂ ਇਲਾਵਾ ਗੁੜ ਅਤੇ ਸ਼ੱਕਰ ਦਾ ਸ਼ਰਬਤ ਤਿਆਰ ਕਰਕੇ ਆਏ ਗਏ ਨੂੰ ਦਿੱਤਾ ਜਾਂਦਾ ਸੀ। ਇਹ ਸਭ ਕੁਝ ਭਾਵੇਂ ਅੱਜ ਪਿੰਡਾਂ ਵਿੱਚ ਵੀ ਬਹੁਤ ਘੱਟ ਰਹਿ ਗਿਆ ਹੈ, ਪਰ ਸਿਆਲ ਵਿੱਚ ਗੁੜ ਤੋਂ ਬਣੀ ਗੱਚਕ ਤੇ ਰਿਓੜੀਆਂ ਨੂੰ ਹਾਲੇ ਵੀ ਸ਼ੌਕ ਨਾਲ ਖਾਧਾ ਜਾਂਦਾ ਹੈ। ਗੁੜ ਦੇ ਕਈ ਲਾਭ ਹਨ। ਇਸ ਵਿੱਚ ਆਇਰਨ, ਫਾਸਫੋਰਸ, ਕੈਲਸ਼ੀਅਮ ਆਦਿ ਦੇ ਤੱਤ ਭਰਪੂਰ ਮਾਤਰਾ ਵਿੱਚ ਹੁੰਦੇ ਹਨ, ਜੋ ਸਾਡੇ ਸਰੀਰ ਵਿੱਚ ਖ਼ੂਨ ਦੀ ਕਮੀ ਦੂਰ ਕਰਦੇ ਹਨ ਅਤੇ ਹੱਡੀਆਂ ਮਜ਼ਬੂਤ ਕਰਦੇ ਹਨ। ਰੋਟੀ ਉਪਰੰਤ ਗੁੜ ਖਾਣ ਨਾਲ ਹਾਜ਼ਮਾ ਦਰੁਸਤ ਰਹਿੰਦਾ ਹੈ, ਕਬਜ਼ ਆਦਿ ਦੀ ਸਮੱਸਿਆ ਨਹੀਂ ਰਹਿੰਦੀ। ਗੁੜ ਖਾਣ ਨਾਲ ਜਿਥੇ ਸਰੀਰਿਕ ਕਮਜ਼ੋਰੀ ਦੂਰ ਹੁੰਦੀ ਹੈ, ਉਥੇ ਚਿਹਰੇ 'ਤੇ ਰੌਣਕ ਆਉਂਦੀ ਹੈ। ਗੁੜ ਅਤੇ ਚਨੇ ਦਾ ਇਕੱਠਾ ਸੇਵਨ ਸਿਹਤ ਲਈ ਬੜਾ ਲਾਭਦਾਇਕ ਹੈ।

ਅੱਜ ਭਾਵੇਂ ਬਲਦ, ਬੋਤੇ, ਬੋਤੀਆਂ ਨਾਲ ਚੱਲਣ ਵਾਲੀਆਂ ਘੁਲਾੜੀਆਂ ਨਹੀਂ ਰਹੀਆਂ ਅਤੇ ਨਾ ਘੁਲਾੜੀਆਂ 'ਤੇ ਉਹ ਪਹਿਲਾਂ ਵਰਗੀਆਂ ਰੌਣਕਾਂ ਹਨ। ਗੁੜ ਤੇ ਸ਼ੱਕਰ ਦੀ ਹਰਮਨ ਪਿਆਰਤਾ ਕਾਰਨ ਅੱਜ ਸਮੁੱਚੇ ਪੰਜਾਬ ਵਿੱਚ ਘੁਲਾੜੀਆਂ ਖੇਤਾਂ ਤੋਂ ਨਿਕਲ ਕੇ ਸੜਕਾਂ ਉਤੇ ਪਹੁੰਚ ਗਈਆਂ ਹਨ, ਜਿਥੇ ਪੰਜਾਬੀ ਕਿਸਾਨਾਂ ਦੀ ਥਾਂ ਪਰਵਾਸੀ ਮਜ਼ਦੂਰ ਗੁੜ ਬਣਾਉਂਦੇ ਨਜ਼ਰ ਆਉਂਦੇ ਹਨ। ਇਥੇ ਤਿਆਰ ਕੀਤਾ ਜਾਣ ਵਾਲਾ ਗੁੜ ਦੇਸੀ ਗੁੜ ਦਾ ਮੁਕਾਬਲਾ ਨਹੀਂ ਕਰਦਾ, ਇਥੇ ਜ਼ਿਆਦਾਤਰ ਕੈਮੀਕਲ ਪਾ ਕੇ ਜਲਦਬਾਜ਼ੀ ਵਿੱਚ ਅਜਿਹਾ ਗੁੜ ਤਿਆਰ ਹੋ ਰਿਹਾ ਹੈ, ਜਿਸ ਦੀ ਨਾ ਉਹ ਮਿਠਾਸ ਹੈ ਅਤੇ ਨਾ ਗੁਣ। ਗੁੜ ਦੀ ਅਸਲ ਮਿਠਾਸ ਤੇ ਗੁਣਾਂ ਨੂੰ ਕਾਇਮ ਰੱਖਣ ਲਈ ਅਜਿਹਾ ਗੁੜ ਬਣਾਉਣ ਵਾਲਿਆਂ 'ਤੇ ਠੱਲ੍ਹ ਪਾਉਣੀ ਚਾਹੀਦੀ ਹੈ।

## -ਮਿੰਨੀ ਕਹਾਣੀਆਂ-

### ਸ਼ਰਧਾ ਤੇ ਰੋਜ਼ਗਾਰ

-ਗੁਰਮੀਤ ਸਿੱਧੂ, ਪਟਵਾਰੀ

ਬਾਬਾ ਹਜ਼ੂਰਾ ਸਿੰਘ ਅਤੇ ਭਾਗ ਸਿੰਘ ਰੋਜ਼ ਸਵੇਰੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਨੂੰ ਜਾਂਦੇ ਤੇ ਨਿਤਨੇਮ ਜਪੁਜੀ ਸਾਹਿਬ ਦੇ ਪਾਠ ਦਾ ਆਨੰਦ ਮਾਣਦੇ। ਆਪਣੇ ਆਪ ਨੂੰ ਆਪਣੇ ਮਾਪਿਆਂ ਦੇ ਰੱਖੇ ਨਾਂਅ ਨੂੰ ਗੁਰੂ ਘਰ ਨਾਲ ਜੋੜਦੇ ਕਿ ਪਾਠੀ ਸਿੰਘ ਹਜ਼ੂਰੀ ਰਾਗੀ ਅਤੇ ਭਾਗਾਂ ਵਾਲਾ ਹੈ, ਜੋ ਰੋਜ਼ ਗੁਰਬਾਣੀ ਦੀਆਂ ਤੁਕਾਂ 'ਪਾਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ। ਦਿਵਸ ਰਾਤ ਦੁਈ ਦਾਈ ਦਾਇਆ ਖੇਲੇ ਸਗਲ ਜਗਤ।' ਦਾ ਪਾਠ ਕਰਦਾ ਹੈ।

ਅੱਜ ਸਮੇਂ ਨੇ ਕਰਵਟ ਬਦਲੀ ਅਤੇ ਪਾਠੀ ਸਿੰਘ ਨੇ ਗੁਰਦੁਆਰਾ ਕਮੇਟੀ ਦੀ ਨਿਰਧਾਰਤ ਫੀਸ ਲੈ ਕੇ ਕਿਸਾਨ ਯੂਨੀਅਨ ਵੱਲੋਂ ਝੋਨੇ ਦੀ ਪਰਾਲੀ ਸਾੜਨ ਵਾਲੇ ਸੱਦੇ 'ਤੇ ਆਵਾਜ਼ ਲਾਈ, "ਕਿਹੜੀ ਸਰਕਾਰ ਰੋਕੇਗੀ ਧਰਤੀ 'ਚੋਂ ਉਗੀ ਪਰਾਲੀ ਨੂੰ ਅੱਗ ਲਾਉਣ ਤੋਂ?" ਦੋਵਾਂ ਦੇ ਪੈਰ ਗੁਰੂਘਰ ਜਾਣ ਤੋਂ ਹਿਚਕਾਉਣ ਲੱਗ ਪਏ।

### ਸੈਟੇਲਾਈਟ

-ਪ੍ਰਵੀਨ ਸ਼ਰਮਾ

"ਹੈਂਅ ਬਾਈ ਮੱਘਰਾ, ਸੁਣਿਆ ਸਰਕਾਰ ਨੇ ਕੋਈ ਨਵੀਂ ਸੈਟੇਲਾਈਟ ਚਲਾਈ ਹੈ ਜਿਹੜੀ ਅਸਮਾਨੋਂ ਵੇਖੂਗੀ ਕਿ ਕਿਹਨੇ ਪਰਾਲੀ ਨੂੰ ਅੱਗ ਲਾ ਕੇ ਹਵਾ ਖਰਾਬ ਕੀਤੀ ਹੈ।" ਸੱਥ ਵਿੱਚ ਬੈਠੇ ਪੰਜ-ਛੇ ਬੰਦਿਆਂ 'ਚੋਂ ਇੱਕ ਬੋਲਿਆ।

ਉਜਾਗਰ ਨੇ ਗੱਲ ਨੂੰ ਅੱਗੇ ਤੋਰਦੇ ਹੋਏ ਕਿਹਾ, "ਆਹੋ, ਸਰਕਾਰ ਨੇ ਸਾਨੂੰ ਮੁਆਵਜ਼ੇ ਤਾਂ ਦੇਣੇ ਨੀਂ, ਆਏਂ ਪੈਸੇ ਵਾਧੂ ਖਰਾਬ ਕਰਲੂ।"

"ਫੇਰ ਤਾਂ ਮੱਘਰਾ ਫੈਕਟਰੀਆਂ ਦਾ ਧੂੰਆਂ ਵੀ ਸਰਕਾਰ ਨੂੰ ਦਿਸਦਾ ਹੋਣੈ ਤੇਰੀ ਹਾਅ ਸੈਟੇਲੇਟ ਨਾਲ?" ਵੀਰ ਸਿੰਘ ਦਾ ਸਵਾਲ ਸੀ।

ਮੱਘਰ ਮਖੌਲੀ ਕਹਿੰਦਾ, "ਕਾਹਨੂੰ ਬਾਈ ਵੀਰ ਸਿਹੁੰ, ਫੈਕਟਰੀਆਂ ਦਾ ਧੂੰਆਂ ਹੀ ਐਨਾ ਹੁੰਦੈ ਕਿ ਸੈਟੇਲਾਈਟ ਮਸ਼ੀਨਾਂ ਕੰਮ ਛੱਡ ਜਾਂਦੀਆਂ ਨੇ। ਏਨੇ ਧੂੰਏਂ 'ਚ ਦਿਸਦਾ ਵੀ ਤਾਂ ਨਹੀਂ ਕਿ ਕਿਹੜੇ ਮੰਤਰੀ-ਸੰਤਰੀ ਦੀ ਫੈਕਟਰੀ ਚੱਲ ਰਹੀ ਹੈ। ਦੱਸ ਕਿਹਦੇ ਤੇ ਕਰਨ ਕਾਰਵਾਈ?" ਸੱਥ ਵਿੱਚ ਹਾਸਾ ਛਿੜ ਪਿਆ।

ਛਿੜੇ ਹਾਸੇ ਵਿੱਚੋਂ ਇੱਕ ਰੋਣਹਾਕੀ ਜਿਹੀ ਆਵਾਜ਼ ਵਿੱਚ ਪੁੱਛਦਾ ਹੈ, "ਮੱਘਰ ਬਾਈ, ਜੇ ਸੈਟੇਲਾਈਟ ਮਸ਼ੀਨ ਨੂੰ ਕਿਸਾਨ ਦੇਖੇ ਹੀ ਦਿਸਦੇ ਨੇ ਤਾਂ ਐਤਕੀਂ ਮੇਰੀ ਮਚੀ ਕਣਕ ਦਾ ਧੂੰਆਂ ਵੀ ਦਿੱਸਿਆ ਹੋਣੈ। ਸਾਰੀ ਖੇਤ ਵਿੱਚ ਖੜੀ ਹੀ ਸੜ ਗਈ ਸੀ। ਕੋਈ ਮੁਆਵਜ਼ਾ, ਕੋਈ ਬੀਮਾ ਨਹੀਂ ਮਿਲਿਆ। ਭਲਾ ਪਤਾ ਕਰ ਕੇ ਦੱਸ ਖਾਂ ਕਿੱਥੇ ਹੈ ਦਫਤਰ ਉਨ੍ਹਾਂ ਦਾ?"

Jobs Jobs Jobs

General Labour/ Drivers/ Window Assemblers & Machine Operators

ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030/416 477 3344
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

ਆਫਿਸ ਵਿੱਚ ਨੌਕਰੀ ਕਰਨ ਦਾ ਸੁਨਹਿਰੀ ਮੌਕਾ
ਬਿੱਲਿੰਗ ਤੇ ਆਡਰ ਫੁਲਫਿਲਮੈਂਟ ਲਈ ਕਲਰਕ ਦੀ ਲੋੜ ਹੈ

- ਸਵੇਰ ਤੇ ਸ਼ਾਮ ਦੀਆਂ ਸ਼ਿਫਟਾਂ
- $14 ਤੋਂ $16 ਡਾਲਰ ਤੱਕ ਦੀ ਤਨਖ਼ਾਹ
- ਬੇਸਿਕ ਅੰਗਰੇਜ਼ੀ ਦੀ ਲੋੜ
- ਸਟੂਡੇਂਟ ਤੇ ਨਵੇਂ ਇੰਮੀਗ੍ਰੇਂਟ ਵੀ ਅਪਲਾਈ ਕਰ ਸਕਦੇ ਹਨ



- Process Customer Orders and Plan deliveries
- Issue Invoices and Monthly Customer Statements, Process Credit Memos
- Track Shipping log and invoices
- Report Activity to upper management
- Perform clerical duties, purchase, track and invoice office supplies

Please send your resume by email at siva@srimi.com or by fax at +1 647-351-7157 or call Ram at +1 647-831-9149 (Morning) or Siva at +1 416-666-8525 (Evening).

7STAR IMMIGRATION

ਜੇ ਹੋਰ ਪਾਸੋ ਯਤਨ ਕਰਕੇ ਥੱਕ ਚੁਕੇ ਹੋ,
ਤਾਂ ਇਕ ਵਾਰੀ ਸੇਵਾ ਦਾ ਮੌਕਾ ਜ਼ਰੂਰ ਦਿਓ!

ਵੀਜ਼ਾ ਤੇ ਇਮੀਗ੍ਰੇਸ਼ਨ ਦੀਆਂ ਸੇਵਾਵਾਂ
With Our Expert Team

- Spousal Sponsorship
- Study Visa
- Express Entry
- Work Visa
- Visitor Visa
- Super Visa
- Citizenship
- PR Card Renewal
- Caregiver Program
- Atlantic Pilot Program
- Study Permit Extension
- PNP Application
- Work Permit Extension
- LMIA Application
- Spousal Work Permit
- Multiple Visa
- Parent Sponsorship
- Grandparents Sponsorship

Simrat Nijjar
Regulated Canadian Immigration Consultant

Ph:(905) 846-0707
Fax:(905)497-0706

Visit us online: www.7starimmigration.ca or email us at: info@7starimmigration.ca

1625 Steeles Ave E., Unit 17A, Brampton, ON L6T 4T7
Main Intersection- Steeles & Advance Blvd.

## ਸੁਰੇਸ਼ ਕੁਮਾਰ ਦੀ ਨਿਯੁਕਤੀ ਦੇ ਕੇਸ ਵਿੱਚ ਪਟੀਸ਼ਨਰ ਵੱਲੋਂ ਬਹਿਸ ਹੋਵੇਗੀ



ਚੰਡੀਗੜ੍ਹ, 4 ਦਸੰਬਰ (ਪੋਸਟ ਬਿਊਰੋ)- ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੇ ਚੀਫ ਪ੍ਰਿੰਸੀਪਲ ਸੈਕਟਰੀ (ਸੀ ਪੀ ਐਸ) ਸੁਰੇਸ਼ ਕੁਮਾਰ ਦੀ ਨਿਯੁਕਤੀ ਰੱਦ ਕਰਨ ਦੇ ਜਸਟਿਸ ਰਾਜਨ ਗੁਪਤਾ ਦੀ ਸਿੰਗਲ ਬੈਂਚ ਦੇ ਫੈਸਲੇ ਵਿਰੁੱਧ ਅਪੀਲ ਉੱਤੇ ਪੰਜਾਬ ਸਰਕਾਰ ਵੱਲੋਂ ਦੇਸ਼ ਦੇ ਸੀਨੀਅਰ ਵਕੀਲ ਅਤੇ ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਵੱਲੋਂ ਬਹਿਸ ਪੂਰੀ ਹੋਣ ਪਿੱਛੋਂ ਅਗਲੀ ਬਹਿਸ ਪਟੀਸ਼ਨਰ ਵੱਲੋਂ ਕੀਤੀ ਜਾਵੇਗੀ। ਇਸ ਲਈ ਕੇਸ ਦੀ ਸੁਣਵਾਈ ਪਿੱਛੋਂ ਹਾਈ ਕੋਰਟ ਨੇ ਪਟੀਸ਼ਨਰ ਦੇ ਵਕੀਲ ਨੂੰ 10 ਜਨਵਰੀ ਤੋਂ ਲਗਾਤਾਰ ਬਹਿਸ ਕਰਨ ਲਈ ਕਹਿ ਦਿੱਤਾ ਹੈ।

ਪੰਜਾਬ ਸਰਕਾਰ ਵੱਲੋਂ ਵਕੀਲ ਪੀ. ਚਿੰਦਬਰਮ ਨੇ ਬਹਿਸ ਵਿੱਚ ਦਲੀਲ ਦਿੱਤੀ ਸੀ ਕਿ ਚੀਫ ਪ੍ਰਿੰਸੀਪਲ ਸੈਕਟਰੀ ਦਾ ਅਹੁਦਾ ਨਾ ਕੋਈ ਕੇਡਰ ਅਹੁਦਾ ਹੈ ਤੇ ਨਾ ਐਕਸ ਕੇਡਰ ਅਹੁਦਾ ਹੈ ਅਤੇ ਇਸ ਅਫਸਰ ਦੀ ਨਿਯੁਕਤੀ ਠੇਕਾ ਆਧਾਰ ਉੱਤੇ ਪੰਜ ਸਾਲ ਲਈ ਕੀਤੀ ਜਾਂਦੀ ਹੈ ਤੇ ਇਕ ਮਹੀਨੇ ਦੇ ਨੋਟਿਸ ਨਾਲ ਕਦੇ ਵੀ ਹਟਾਇਆ ਜਾ ਸਕਦਾ ਹੈ। ਮੁੱਖ ਮੰਤਰੀ ਇਸ ਅਹੁਦੇ ਉੱਤੇ ਨਿਯੁਕਤੀ ਕਰਨ ਦੇ ਸਮਰੱਥ ਹਨ। ਇਹ ਦਲੀਲ ਦਿੱਤੀ ਗਈ ਕਿ ਮੁੱਖ ਮੰਤਰੀ ਸੇਵਾ ਮੁਕਤ ਅਫਸਰਾਂ ਵਿੱਚੋਂ ਅਜਿਹੀ ਨਿਯੁਕਤੀ ਆਮ ਕਰਦੇ ਹਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਅਹੁਦਾ ਸੰਭਾਲਦਿਆਂ ਸਾਰ ਸੇਵਾ ਮੁਕਤ ਅਫਸਰ ਦੀ ਇਹੋ ਜਿਹੀ ਨਿਯੁਕਤੀ ਕਰ ਲਈ ਸੀ। ਰਾਜ ਸਰਕਾਰ ਨੇ ਇਕ ਵਾਰ ਫੇਰ ਦਲੀਲ ਦਿੱਤੀ ਕਿ ਸੁਰੇਸ਼ ਕੁਮਾਰ ਦੀ ਨਿਯੁਕਤੀ ਨੂੰ ਚੁਣੌਤੀ ਦੇਣ ਵਾਲਾ ਰਮਨਦੀਪ ਸਿੰਘ ਵਕੀਲ ਹੈ, ਕੋਈ ਅਜਿਹਾ ਅਫਸਰ ਨਹੀਂ, ਜਿਸ ਦਾ ਹੱਕ ਮਾਰਿਆ ਗਿਆ ਹੋਵੇ। ਨਿਯੁਕਤੀ ਨੂੰ ਕੋਈ ਉਹ ਅਫਸਰ ਚੁਣੌਤੀ ਦੇ ਸਕਦਾ ਸੀ, ਜਿਸ ਨੂੰ ਸੁਰੇਸ਼ ਕੁਮਾਰ ਦੀ ਨਿਯੁਕਤੀ ਕਾਰਨ ਆਪਣੀ ਵਾਰੀ ਕੱਟਣ ਦਾ ਰੋਸ ਹੋਵੇ ਜਾਂ ਇਹ ਲੋਕਹਿੱਤ ਪਟੀਸ਼ਨ ਵਜੋਂ ਦਾਖਲ ਕੀਤੀ ਜਾਣੀ ਚਾਹੀਦੀ ਸੀ।

### ਨਵਜੋਤ ਸਿੱਧੂ ਨੇ ਕਿਹਾ:

## ਜ਼ੀ ਨਿਊਜ਼ ਅਤੇ ਹੋਰ ਚੈਨਲਾਂ ਉੱਤੇ ਕੇਸ ਠੋਕਾਂਗਾ

*** ਵੀਡੀਓ ਟੈਂਪਰਿੰਗ ਕਰ ਕੇ ਪਾਕਿ ਸਮਰਥਕ ਨਾਅਰੇ ਜੋੜਨ ਦਾ ਦੋਸ਼**



ਜਲੰਧਰ, 4 ਦਸੰਬਰ (ਪੋਸਟ ਬਿਊਰੋ)- ਕਰਤਾਰਪੁਰ ਕਾਰੀਡੋਰ ਦੇ ਮੁੱਦੇ ਨਾਲ ਇਨ੍ਹੀਂ ਦਿਨੀਂ ਸਿਆਸੀ ਖਬਰਾਂ ਵਿੱਚ ਚੱਲ ਰਹੇ ਪੰਜਾਬ ਦੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਜ਼ੀ ਨਿਊਜ਼ ਅਤੇ ਕੁਝ ਹੋਰ ਚੈਨਲਾਂ 'ਤੇ ਕੇਸ ਠੋਕਣ ਦਾ ਐਲਾਨ ਕੀਤਾ ਹੈ। ਉਸ ਨੂੰ ਇੱਕ ਵੀਡੀਓ ਟੈਂਪਰਿੰਗ ਕੀਤੇ ਜਾਣ ਦਾ ਇਤਰਾਜ਼ ਹੈ।

ਕੱਲ੍ਹ ਇੱਕ ਪੱਤਰਕਾਰ ਨਾਲ ਗੱਲਬਾਤ ਵਿੱਚ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪਿਛਲੇ ਦਿਨੀਂ ਉਨ੍ਹਾਂ ਰਾਜਸਥਾਨ ਚੋਣਾਂ ਮੌਕੇ ਇੱਕ ਰੈਲੀ ਨੂੰ ਸੰਬੋਧਨ ਕੀਤਾ ਸੀ, ਜਿਸ ਦੀ ਵੀਡੀਓ ਨਾਲ ਛੇੜਛਾੜ ਕਰਦੇ ਹੋਏ ਜ਼ੀ ਨਿਊਜ਼ ਅਤੇ ਕੁਝ ਹੋਰ ਚੈਨਲਾਂ ਉੱਤੇ ਉਸ ਨੂੰ ਚਲਾਇਆ ਗਿਆ ਅਤੇ ਜ਼ੀ ਨਿਊਜ਼ ਨੇ ਉਸ ਨੂੰ ਟਵੀਟ ਵੀ ਕੀਤਾ ਸੀ। ਸਿੱਧੂ ਨੇ ਕਿਹਾ ਕਿ ਉਨ੍ਹਾਂ ਦੇ ਪ੍ਰੋਗਰਾਮ ਦੌਰਾਨ 'ਬੋਲੇ ਸੋ ਨਿਹਾਲ' ਦੇ ਜੈਕਾਰੇ ਲੱਗੇ ਅਤੇ ਬਦਲੇ ਵਿੱਚ ਸੰਗਤ ਨੇ ਸਤਿ ਸ੍ਰੀ ਅਕਾਲ ਨਾਲ ਜਵਾਬ ਦਿੱਤਾ ਸੀ, ਪਰ ਇਸ ਵੀਡੀਓ ਨਾਲ ਛੇੜਛਾੜ ਕਰ ਕੇ ਪਾਕਿਸਤਾਨ ਜ਼ਿੰਦਾਬਾਦ ਦੀ ਕਲਿੱਪ ਜੋੜ ਦਿੱਤੀ ਗਈ, ਭਾਵੇਂ ਉਨ੍ਹਾਂ ਦੀਆਂ ਰੈਲੀਆਂ ਵਿੱਚ ਲੋਕਾਂ ਨੇ ਪਾਕਿਸਤਾਨ ਮੁਰਦਾ-ਬਾਦ ਦੇ ਨਾਅਰੇ ਲਾਏ ਸਨ। ਸਿੱਧੂ ਨੇ ਕਿਹਾ ਕਿ ਅਜਿਹਾ ਕਰਨ ਪਿੱਛੇ ਇੱਕ ਹੀ ਕਾਰਨ ਉਨ੍ਹਾਂ ਨੂੰ ਪਾਕਿਸਤਾਨ ਸਮਰਥਕ ਸਾਬਤ ਕਰਨਾ ਸੀ, ਜਦੋਂ ਜ਼ੀ ਨਿਊਜ਼ ਦੇ ਟਵਿੱਟਰ ਹੈਂਡਲ ਵਿੱਚ ਛੇੜਛਾੜ ਕੀਤੀ ਹੋਈ ਵੀਡੀਓ ਪੇਸ਼ ਹੋਈ ਤਾਂ ਉਸ ਸਮਾਰੋਹ ਦੀ ਅਸਲੀ ਵੀਡੀਓ ਕਲਿੱਪ ਨੂੰ ਵੀ ਬਾਕੀ ਚੈਨਲਾਂ ਤੇ ਸੋਸ਼ਲ ਮੀਡੀਆ ਉੱਤੇ ਵਾਇਰਲ ਕਰ ਦਿੱਤਾ ਗਿਆ। ਇਸ ਤੋਂ ਬਾਅਦ ਜ਼ੀ ਟੀ ਵੀ ਨੂੰ ਆਪਣੇ ਪ੍ਰੋਗਰਾਮ ਤੇ ਟਵਿੱਟਰ ਹੈਂਡਲ ਤੋਂ ਛੇੜਛਾੜ ਵਾਲੀ ਵੀਡੀਓ ਹਟਾਉਣੀ ਪੈ ਗਈ ਸੀ। ਸਿੱਧੂ ਨੇ ਕਿਹਾ ਕਿ ਉਹ ਜਲਦੀ ਹੀ ਏਦਾਂ ਛੇੜਛਾੜ ਕਰਨ ਵਾਲੇ ਚੈਨਲਾਂ ਉੱਤੇ ਮਾਣਹਾਨੀ ਦਾ ਕੇਸ ਦਾਇਰ ਕਰਨਗੇ, ਕਿਉਂਕਿ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਜ਼ੀ ਨਿਊਜ਼ ਦੇ ਟਵੀਟ ਤੋਂ ਬਾਅਦ ਕੁਝ ਹੋਰ ਚੈਨਲਾਂ ਨੇ ਵੀ ਆਪਣੇ ਪ੍ਰੋਗਰਾਮਾਂ ਵਿੱਚ ਛੇੜਛਾੜ ਕੀਤੀ ਵੀਡੀਓ ਚਲਾਈ ਸੀ। ਵਰਨਣਯੋਗ ਹੈ ਕਿ ਕਾਂਗਰਸ ਦੇ ਬੁਲਾਰੇ ਰਣਦੀਪ ਸਿੰਘ ਸੁਰਜੇਵਾਲਾ ਨੇ ਨਵਜੋਤ ਸਿੱਧੂ ਦੇ ਭਾਸ਼ਣ ਨਾਲ ਹੋਈ ਛੇੜਛਾੜ ਦੇ ਮੁੱਦੇ 'ਤੇ ਟਵੀਟ ਕੀਤਾ ਤੇ ਜ਼ੀ ਨਿਊਜ਼ ਅਤੇ ਹੋਰ ਚੈਨਲਾਂ 'ਤੇ ਗੁੰਮਰਾਹਕੁੰਨ ਪ੍ਰਚਾਰ ਕਰਨ ਦਾ ਦੋਸ਼ ਲਾਇਆ ਸੀ। ਇਸੇ ਟਵੀਟ ਵਿੱਚ ਰਣਦੀਪ ਸੁਰਜੇਵਾਲਾ ਨੇ ਨਵਜੋਤ ਸਿੰਘ ਸਿੱਧੂ ਦੇ ਸਮਾਗਮ ਦੀ ਅਸਲੀ ਵੀਡੀਓ ਨੂੰ ਜਨਤਕ ਕੀਤਾ ਸੀ।

## ਯੂਰਪ ਭੇਜਣ ਦੇ ਨਾਂਅ ਉਤੇ ਕਰੋੜਾਂ ਰੁਪਏ ਦੀ ਠੱਗੀ ਮਾਰ ਲਈ



ਰਾਏਕੋਟ (ਲੁਧਿਆਣਾ), 4 ਦਸੰਬਰ (ਪੋਸਟ ਬਿਊਰੋ)- ਪੰਜਾਬ ਵਿੱਚ ਬੇਰੋਜ਼ਗਾਰੀ ਤੋਂ ਦੁਖੀ ਹਜ਼ਾਰਾਂ ਨੌਜਵਾਨਾਂ ਦੇ ਨਾਲ ਫਰਜ਼ੀ ਟਰੈਵਲ ਏਜੰਟਾਂ ਵੱਲੋਂ ਠੱਗੀਆਂ ਦੇ ਕੇਸ ਨਿੱਤ ਦਿਨ ਅਖਬਾਰਾਂ ਦੀਆਂ ਸੁਰਖੀਆਂ ਬਣਦੇ ਹਨ। ਅਜਿਹਾ ਇੱਕ ਕੇਸ ਰਾਏਕੋਟ ਦੇ ਪਿੰਡ ਅੱਛਰਵਾਲ ਵਿੱਚ ਹੋ ਗਿਆ, ਜਿੱਥੇ ਪਟਿਆਲਾ ਜ਼ਿਲ੍ਹੇ ਦੇ ਟਰੈਵਲ ਏਜੰਟ ਤੋਂ ਪੀੜਤ ਇੱਕ ਦਰਜਨ ਦੇ ਕਰੀਬ ਨੌਜਵਾਨਾਂ ਨੇ ਆਪਣੇ ਨਾਲ ਹੋਈ ਧੋਖਾਧੜੀ ਦੇ ਬਾਰੇ ਦੱਸਿਆ ਹੈ।

ਇਨ੍ਹਾਂ ਨੌਜਵਾਨਾਂ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਵਿੱਚ ਪਿੰਡ ਤਰਖਾਣ ਮਾਜਰਾ ਦੇ ਟਰੈਵਲ ਏਜੰਟ ਅਤੇ ਉਸ ਦੀ ਸਹਾਇਕ ਮਹਿਲਾ ਨੇ ਤਿੰਨ ਦਰਜਨ ਦੇ ਕਰੀਬ ਨੌਜਵਾਨਾਂ ਤੋਂ ਅੱਠ ਲੱਖ ਰੁਪਏ ਪ੍ਰਤੀ ਨੌਜਵਾਨ ਦੇ ਹਿਸਾਬ ਲੈ ਕੇ ਉਨ੍ਹਾਂ ਨੂੰ ਪੱਕੇ ਤੌਰ ਉੱਤੇ ਪੁਰਤਗਾਲ ਅਤੇ ਸਪੇਨ ਭੇਜਣ ਦਾ ਵਾਅਦਾ ਕੀਤਾ, ਪ੍ਰੰਤੂ ਰਕਮ ਲੈਣ ਪਿੱਛੋਂ ਉਨ੍ਹਾਂ ਦਾ ਵੀਜ਼ਾ ਅਰਮੀਨੀਆ ਦਾ ਲਗਵਾ ਦਿੱਤਾ। ਉਥੇ ਪੰਜ ਮਹੀਨੇ ਨਰਕ ਕੱਟਣ ਦੇ ਬਾਅਦ ਉਹ ਕੁਝ ਦਿਨ ਪਹਿਲਾਂ ਭਾਰਤ ਮੁੜ ਸਕੇ। ਨੌਜਵਾਨਾਂ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਦੱਸਿਆ ਕਿ ਏਜੰਟ ਉਨ੍ਹਾਂ ਆਪਣੇ ਨਾਲ ਅਰਮੀਨੀਆ ਲੈ ਕੇ ਗਏ, ਜਿੱਥੇ ਉਨ੍ਹਾਂ ਤੋਂ ਬਾਕੀ ਰਕਮ ਵੀ ਲੈ ਲਈ ਤੇ ਫਿਰ ਅੱਗੇ ਭੇਜਣ ਦੀ ਦਿਲਚਸਪੀ ਨਹੀਂ ਦਿਖਾਈ। ਇਨ੍ਹਾਂ ਕਰੀਬ ਤਿੰਨ ਦਰਜਨ ਨੌਜਵਾਨਾਂ ਵਿੱਚ ਤਿੰਨ ਲੜਕੀਆਂ ਵੀ ਸਨ। ਕੈਦੀਆਂ ਵਾਂਗ ਇੱਕ ਕਮਰੇ ਵਿੱਚ ਰੱਖਿਆ ਗਿਆ ਅਤੇ ਮਦਦ ਕਰਨ ਲਈ ਇੱਕ ਮਹਿਲਾ ਸੀ, ਜੋ ਅਰਮੀਨੀਆ ਵਿੱਚ ਰਹਿੰਦੀ ਸੀ। ਜਦ ਵੀ ਉਹ ਉਸ ਮਹਿਲਾ ਤੋਂ ਪੁਰਤਗਾਲ ਜਾਂ ਸਪੇਨ ਜਾਣ ਬਾਰੇ ਪੁੱਛਦੇ ਤਾਂ ਉਨ੍ਹਾਂ ਨੂੰ ਧਮਕਾਇਆ ਜਾਂਦਾ। ਪੰਜ-ਛੇ ਮਹੀਨੇ ਬੀਤਣ ਦੇ ਬਾਅਦ ਉਹ ਭਾਰਤ ਤੋਂ ਟਿਕਟ ਦੇ ਪੈਸੇ ਮੰਗਵਾ ਕੇ ਕੁਝ ਦਿਨ ਪਹਿਲਾਂ ਵਾਪਸ ਪਹੁੰ-ਚੇ।

ਏਜੰਟ ਨੇ ਰਵਿੰਦਰ ਨਾਂਅ ਦੇ ਵਿਅਕਤੀ ਦੇ ਖਾਤੇ ਵਿੱਚ ਇਨ੍ਹਾਂ ਤੋਂ ਜੋ ਰਕਮ ਜਮ੍ਹਾ ਕਰਵਾਈ ਗਈ, ਉਹ ਪੰਜਾਬ ਦੇ ਰੋਪੜ ਜ਼ਿਲ੍ਹੇ ਦੇ ਇੱਕ ਥਾਣਾ ਇੰਚਾਰਜ ਦੇ ਭਤੀਜੇ ਦਾ ਖਾਤਾ ਹੈ। ਵਿਧਾਇਕ ਜਗਤਾਰ ਸਿੰਘ ਜੱਗਾ ਹਿੱਸੋਵਾਲ ਨੇ ਉਸ ਥਾਣਾ ਇੰਚਾਰਜ ਨਾਲ ਰਕਮ ਦੇ ਬਾਰੇ ਗੱਲਬਾਤ ਕੀਤੀ ਤੇ ਪੱਤਰਕਾਰਾਂ ਦੀ ਗੱਲ ਕਰਵਾਈ ਤਾਂ ਥਾਣਾ ਇੰਚਾਰਜ ਨੇ ਮੰਨਿਆ ਕਿ ਇਹ ਖਾਤਾ ਉਸ ਦੇ ਭਤੀਜੇ ਦਾ ਹੈ, ਪਰ ਉਸ ਖਾਤੇ ਦਾ ਏ ਟੀ ਐਮ ਕਾਰਡ ਏਜੰਟ ਨੇ ਆਪਣੇ ਕੋਲ ਰੱਖਿਆ ਸੀ ਅਤੇ ਜਮ੍ਹਾ ਕਰਵਾਈ ਰਕਮ ਉਸ ਨੇ ਕਢਵਾ ਲਈ ਹੈ ਅਤੇ ਉਸ ਏਜੰਟ ਨੇ ਉਸ ਦੇ ਭਰਾ ਸੁੰਦਰ ਸ਼ਰਮਾ ਨੂੰ ਯੂਰਪ ਵਿੱਚ ਸੈਟ ਕਰਨ ਦੇ ਲਈ ਉਨ੍ਹਾਂ ਨਾਲ ਵੀ 12 ਲੱਖ ਦੀ ਠੱਗੀ ਮਾਰੀ ਹੈ।

ਰਾਏਕੋਟ ਦੇ ਡੀ ਐੱਸ ਪੀ ਗੁਰਮੀਤ ਸਿੰਘ ਦਾ ਕਹਿਣਾ ਹੈ ਕਿ ਨੌਜਵਾਨਾਂ ਦੀ ਦਰਖਾਸਤ ਉਨ੍ਹਾਂ ਨੂੰ ਮਿਲੀ ਹੈ। ਇਸ 'ਤੇ ਬਣਦੀ ਹੋਈ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਇਨ੍ਹਾਂ ਨੂੰ ਇਨਸਾਫ ਦਿਵਾਇਆ ਜਾਏਗਾ।

## ਪੁਲਸ ਕਸਟਡੀ ਵਿੱਚ ਕਾਂਗਰਸੀ ਨੇਤਾ ਦੀ ਮੌਤ ਬਾਰੇ ਦੋ ਪੁਲਸੀਆਂ 'ਤੇ ਕੇਸ ਦਰਜ



*ਕਾਂਗਰਸ ਨੇਤਾ ਤੇ ਸਥਾਨਕ ਲੋਕ ਥਾਣੇ ਦੇ ਬਾਹਰ ਪ੍ਰਦਸ਼ਨ ਕਰਦੇ ਹੋਏ।*

ਅੰਮ੍ਰਿਤਸਰ, 4 ਦਸੰਬਰ (ਪੋਸਟ ਬਿਊਰੋ)- ਥਾਣਾ ਗੇਟ ਹਕੀਮਾਂ ਵਿੱਚ ਪੁਲਸ ਕਸਟਡੀ ਵਿੱਚ ਹੋਈ ਕਾਂਗਰਸੀ ਨੇਤਾ ਬਿੱਟੂ ਸ਼ਾਹ ਦੀ ਮੌਤ ਦੇ ਬਾਅਦ ਥਾਣਾ ਬੀ-ਡਵੀਜ਼ਨ ਦੇ ਬਾਹਰ ਪਰਵਾਰਕ ਮੈਂਬਰਾਂ ਨਾਲ ਕੌਂਸਲਰ ਸ਼ੈਲੀ, ਕੌਂਸਲਰ ਵਿੱਕੀ ਕੰਡਾ ਤੇ ਸੈਕੜਿਆਂ ਲੋਕਾਂ ਨੇ ਕੱਲ੍ਹ ਦੂਸਰੇ ਦਿਨ ਵੀ ਲਾਸ਼ ਸੜਕ 'ਤੇ ਰੱਖ ਕੇ ਪੁਲਸ ਦੇ ਵਿਰੁੱਧ ਧਰਨਾ ਦਿੱਤਾ। ਉਨ੍ਹਾਂ ਨੇ ਬਿੱਟੂ ਸ਼ਾਹ ਨੂੰ ਗ੍ਰਿਫਤਾਰ ਕਰਨ ਵਾਲੇ ਹੌਲਦਾਰ ਅਵਤਾਰ ਸਿੰਘ ਤੇ ਕਾਂਸਟੇਬਲ ਨਵਜੋਤ ਸਿੰਘ ਦੇ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਕੀਤੀ। ਧਰਨਾ ਸ਼ਾਮ ਤੱਕ ਚੱਲਿਆ। ਇਸ ਦੌਰਾਨ ਡੀ ਸੀ ਪੀ ਇੰਵੈਸਟੀਗੇਸ਼ਨ ਜਗਮੋਹਨ ਸਿੰਘ, ਏ ਡੀ ਸੀ ਪੀ ਸਿਟੀ ਇਕ ਜਗਜੀਤ ਸਿੰਘ ਵਾਲੀਆ, ਏ ਡੀ ਸੀ ਪੀ ਲਖਬੀਰ ਸਿੰਘ, ਸਾਰੇ ਏ ਸੀ ਪੀ, ਚਾਰ ਥਾਣਿਆਂ ਦੇ ਇੰਚਾਰਜਾਂ ਸਮੇਤ ਭਾਰੀ ਗਿਣਤੀ ਵਿੱਚ ਪੁਲਸ ਬਲ ਥਾਣੇ ਦੇ ਬਾਹਰ ਤੈਨਾਤ ਸੀ।

ਜਦ ਮਾਮਲਾ ਨਾ ਸੁਲਝਿਆ ਤਾਂ ਹਲਕਾ ਦੱਖਣੀ ਦੇ ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ ਮੌਕੇ 'ਤੇ ਪਹੁੰਚੇ ਅਤੇ ਪੁਲਸ ਅਧਿਕਾਰੀਆਂ ਨਾਲ ਗੱਲਬਾਤ ਪਿੱਛੋਂ ਦੋ ਪੁਲਸ ਕਰਮੀਆਂ 'ਤੇ 304-ਏ ਦਾ ਕੇਸ ਦਰਜ ਕਰਨ ਦਾ ਹਵਾਲਾ ਦਿੰਦੇ ਹੋਏ ਪਰਵਾਰਕ ਮੈਂਬਰਾਂ ਅਤੇ ਉਨ੍ਹਾਂ ਦੇ ਨਾਲ ਧਰਨੇ 'ਤੇ ਬੈਠੇ ਲੋਕਾਂ ਨੂੰ ਸ਼ਾਂਤ ਕਰਵਾਉਣ ਲਈ ਧਰਨਾ ਚੁੱਕਣ ਲਈ ਕਿਹਾ। ਉਨ੍ਹਾਂ ਦੀ ਮੰਗ ਸੀ ਕਿ ਐਫ ਆਈ ਆਰ ਦਰਜ ਕਰਕੇ ਉਸ ਦੀ ਕਾਪੀ ਉਨ੍ਹਾਂ ਨੂੰ ਸੌਂਪੀ ਜਾਵੇ। ਮਾਮਲਾ ਭਖਦਾ ਦੇਖ ਪੁਲਸ ਨੇ ਮੌਕੇ 'ਤੇ ਹੀ ਹੌਲਦਾਰ ਅਵਤਾਰ ਸਿੰਘ ਤੇ ਕਾਂਸਟੇਬਲ ਨਵਜੋਤ ਸਿੰਘ ਦੇ ਵਿਰੁੱਧ ਐਫ ਆਈ ਆਰ ਦਰਜ ਕਰਕੇ ਕਾਪੀ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ ਦੇ ਦਿੱਤੀ, ਜਿਸ ਦੇ ਬਾਅਦ ਧਰਨਾ ਚੁੱਕਿਆ ਗਿਆ।

## ਅਕਾਲੀ ਆਗੂ ਉੱਤੇ ਟਰੱਕ ਚਾਲਕਾਂ ਨਾਲ ਠੱਗੀ ਦਾ ਦੋਸ਼ ਲੱਗਾ

ਰੋਪੜ, 4 ਦਸੰਬਰ (ਪੋਸਟ ਬਿਊਰੋ)- ਇਸ ਜ਼ਿਲੇ ਦੇ ਪਿੰਡ ਮੁੰਨੇ ਵਾਲੀ ਦੇ ਦੋ ਟਰੱਕ ਚਾਲਕਾਂ ਨੇ ਅਕਾਲੀ ਦਲ ਦੇ ਇੱਕ ਆਗੂ ਉੱਤੇ ਲੱਖਾਂ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਲਾਏ ਹਨ। ਦੋਵਾਂ ਨੇ ਹਲਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੂੰ ਨਾਲ ਲੈ ਕੇ ਜ਼ਿਲੇ ਦੇ ਐਸ ਐਸ ਪੀ ਨੂੰ ਮਿਲ ਕੇ ਅਕਾਲੀ ਆਗੂ ਉੱਤੇ ਕਾਰਵਾਈ ਕਰਨ ਦੀ ਮੰਗ ਕੀਤੀ।

ਅਕਾਲੀ ਆਗੂ ਦੇ ਖਿਲਾਫ ਇਹੋ ਜਿਹੀ ਸ਼ਿਕਾਇਤ ਕਰਨ ਵਾਲੇ ਸੁਖਦੇਵ ਸਿੰਘ ਪਿੰਡ ਮੰਨੇ ਨੇ ਦੱਸਿਆ ਕਿ ਉਹ ਟਰੱਕ ਚਾਲਕ ਹੈ ਅਤੇ ਉਸ ਦੀ ਕਈ ਸਾਲਾਂ ਦੀ ਮਿਹਨਤ ਦੀ ਕਮਾਈ ਅਕਾਲੀ ਆਗੂ ਹਰਮੇਸ਼ ਠੋਡਾ ਨੇ ਹੜੱਪ ਲਈ ਹੈ। ਉਨ੍ਹਾਂ ਕਿਹਾ ਕਿ ਅਕਾਲੀ ਆਗੂ ਹਰਮੇਸ਼ ਠੋਡਾ ਨੇ ਉਸ ਨੂੰ ਕਿਹਾ ਕਿ ਉਹ ਕਮੇਟੀਆਂ ਪਾਉਣ ਦਾ ਕੰਮ ਕਰਦਾ ਹੈ ਅਤੇ ਆਪਣੀ ਆਮਦਨ ਵਧਾਉਣ ਲਈ ਉਹ ਉਸ ਕੋਲ ਕਮੇਟੀਆਂ ਪਾ ਦੇਵੇ। ਸੁਖਦੇਵ ਸਿੰਘ ਦੇ ਮੁਤਾਬਕ ਕਮੇਟੀਆਂ ਦੇ ਚੱਕਰ ਵਿੱਚ ਉਸ ਨੇ ਆਪਣੀ ਇਕ ਗੱਡੀ ਵੀ ਵੇਚ ਦਿੱਤੀ ਸੀ ਅਤੇ ਪਿਛਲੇ ਤਿੰਨ ਸਾਲਾਂ ਤੋਂ ਉਹ ਹਰਮੇਸ਼ ਠੋਡਾ ਨੂੰ ਕਮੇਟੀਆਂ ਦੇ ਪੈਸੇ ਦੇ ਰਿਹਾ ਸੀ। ਬਾਅਦ ਹਰਮੇਸ਼ ਠੋਡਾ ਉਸ ਦੇ ਪੈਸੇ ਵਾਪਸ ਕਰਨ ਵਿੱਚ ਟਾਲ ਮਟੋਲ ਕਰਨ ਲੱਗ ਪਿਆ। ਪਤਾ ਲੱਗਾ ਹੈ ਕਿ ਅਕਾਲੀ ਆਗੂ ਠੋਡਾ ਨੂੰ ਉਸ ਨੇ ਨੌਂ ਲੱਖ ਰੁਪਏ ਦਿੱਤੇ ਸਨ। ਸੁਖਦੇਵ ਨੇ ਕਿਹਾ ਕਿ ਹਰਮੇਸ਼ ਠੋਡਾ ਕਮੇਟੀ ਖਤਮ ਹੋਣ ਉੱਤੇ ਉਸ ਨੂੰ ਵਿਆਜ ਸਮੇਤ ਪੈਸੇ ਦੇਣ ਦੀ ਗੱਲ ਕਹਿ ਕੇ ਗੁਮਰਾਹ ਕਰਦਾ ਰਿਹਾ। ਇਸ ਕਾਰਨ ਉਸ ਦਾ ਪਰਵਾਰ ਆਰਥਿਕ ਤੰਗੀ ਵਿੱਚ ਆ ਗਿਆ ਹੈ। ਉਨ੍ਹਾਂ ਕਿਹਾ ਕਿ ਠੋਡਾ ਦੇ ਰਾਜਨੀਤਕ ਸੰਬੰਧਾਂ ਕਾਰਨ ਪੁਲਸ ਉਸ ਉਤੇ ਕਾਰਵਾਈ ਨਹੀਂ ਕਰਦੀ। ਇਕ ਹੋਰ ਸ਼ਿਕਾਇਤ ਕਰਤਾ ਜਸਬੀਰ ਸਿੰਘ ਪੁੱਤਰ ਬਚਿੱਤਰ ਸਿੰਘ ਵਾਸੀ ਮੁੰਨੇ ਨੇ ਦੱਸਿਆ ਕਿ ਠੋਡਾ ਨੇ ਉਸ ਨੂੰ ਕਮੇਟੀਆਂ ਰਾਹੀਂ ਕਮਾਈ ਕਰਨ ਦੀ ਗੱਲ ਕਹੀ ਤੇ ਉਸ ਦੀਆਂ ਦੋ ਕਮੇਟੀਆਂ ਪਵਾ ਦਿੱਤੀਆਂ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਪੈਸਿਆਂ ਬਦਲੇ ਹਰਮੇਸ਼ ਠੋਡਾ ਨੇ ਇਕ ਜ਼ਮੀਨ ਦੀ ਰਜਿਸਟਰੀ ਵੀ ਉਸ ਦੇ ਨਾਮ ਕਰਵਾਈ ਹੈ।

### ਇੱਕ ਨਵੀਂ ਚਰਚਾ ਸੁਣੀ:

## ਬਾਦਲ ਚੁੱਪ-ਚਾਪ ਕਿਸੇ ਵੇਲੇ ਟਕਸਾਲੀ ਆਗੂਆਂ ਦੇ ਘਰ ਜਾਣਗੇ



ਲੁਧਿਆਣਾ, 4 ਦਸੰਬਰ (ਪੋਸਟ ਬਿਊਰੋ)- ਮਾਝੇ ਦੇ ਟਕਸਾਲੀ ਆਗੂਆਂ ਨੇ ਪੁਰਾਣਾ ਸ਼੍ਰੋਮਣੀ ਅਕਾਲੀ ਦਲ ਬਹਾਲ ਕਰਨ ਦਾ ਜਿਹੜਾ ਐਲਾਨ ਕੀਤਾ ਅਤੇ ਸੁਖਦੇਵ ਸਿੰਘ ਢੀਂਡਸਾ, ਲੁਧਿਆਣੇ ਵਾਲੇ ਬੈਂਸ ਭਰਾਵਾਂ ਅਤੇ ਸੁਖਪਾਲ ਸਿੰਘ ਖਹਿਰਾ ਨੂੰ ਸੱਦਾ ਭੇਜਿਆ ਹੈ, ਉਸ ਨਾਲ ਬਾਦਲ ਅਕਾਲੀ ਦਲ ਵਿੱਚ ਖਲਬਲੀ ਵਿੱਚ ਨਵੀਂ ਚਰਚਾ ਸੁਣੀ ਗਈ ਹੈ। ਕਿਹਾ ਜਾ ਰਿਹਾ ਹੈ ਕਿ ਇਸ ਸਥਿਤੀ ਵਿੱਚ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਕਿਸੇ ਵੇਲੇ ਵੀ ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲਿਆਂ ਵਾਲੇ ਟਕਸਾਲੀ ਅਕਾਲੀ ਆਗੂਆਂ ਦੇ ਘਰੀਂ ਪਹੁੰਚ ਕਰ ਸਕਦੇ ਹਨ।

ਜਾਣਕਾਰ ਸੂਤਰਾਂ ਮੁਤਾਬਕ ਟਕਸਾਲੀ ਆਗੂਆਂ ਦੇ ਬਿਆਨ ਉੱਤੇ ਸਿਰਫ ਮਹੇਸ਼ ਇੰਦਰ ਸਿੰਘ ਗਰੇਵਾਲ ਵੱਲੋਂ ਹੀ ਪ੍ਰਤੀਕਿਰਿਆ ਸੁਣੀ ਗਈ ਸੀ, ਬਾਕੀ ਸੀਨੀਅਰ ਆਗੂ ਬਹੁਤਾ ਕਰ ਕੇ ਚੁੱਪ ਰਹੇ ਹਨ। ਪਾਰਲੀਮੈਂਟ ਮੈਂਬਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਸਾਫ ਕਿਹਾ ਕਿ ਅਸੀਂ ਉਨ੍ਹਾਂ ਨੂੰ ਮਨਾਉਣ ਲਈ ਉਨ੍ਹਾਂ ਦੇ ਘਰ ਤੱਕ ਜਾਵਾਂਗੇ, ਉਨ੍ਹਾਂ ਦੀ ਮਿੰਨਤ ਵੀ ਕਰਾਂਗੇ, ਕਿਉਂਕਿ ਉਨ੍ਹਾਂ ਦੇ ਜਾਣ ਅਤੇ ਨਵੀਂ ਪਾਰਟੀ ਬਣਾਉਣ ਨਾਲ ਅਕਾਲੀ ਦਲ ਨੂੰ ਖੋਰਾ ਲੱਗੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ ਦਾ ਕਹਿਣਾ ਹੈ ਕਿ ਟਕਸਾਲੀ ਆਗੂਆਂ ਦੀ ਪੁੱਛ ਨਾ ਹੋਣ ਉਤੇ ਹੀ ਉਹ ਏਦਾਂ ਦਾ ਕਦਮ ਪੁੱਟਣ ਲੱਗੇ ਹਨ। ਉਨ੍ਹਾਂ ਨੇ ਪਾਰਟੀ ਲਈ ਜੇਲ੍ਹਾਂ ਕੱਟੀਆਂ ਅਤੇ ਵੱਡੇ ਮੋਰਚੇ ਲਾਏ ਹਨ, ਉਨ੍ਹਾਂ ਦੀ ਗੱਲ ਸੁਣਨੀ ਚਾਹੀਦੀ ਹੈ। ਇਸ ਵੇਲੇ ਚਰਚਾ ਹੈ ਕਿ ਇਹ ਸਾਰੇ ਸੀਨੀਅਰ ਆਗੂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਉੱਤੇ ਦਬਾਅ ਪਾ ਕੇ ਇਹ ਹਾਲਾਤ ਪੈਦਾ ਕਰ ਸਕਦੇ ਹਨ ਟਕਸਾਲੀ ਆਗੂਆਂ ਨੂੰ ਮਨਾਉਣ ਲਈ ਇੱਕ ਵਾਰ ਫਿਰ ਪਾਰਟੀ ਪ੍ਰਕਾਸ਼ ਸਿੰਘ ਬਾਦਲ ਨੂੰ ਪ੍ਰਧਾਨ ਬਣਾ ਕੇ ਵਕਤ ਟਪਾ ਲਵੇ।

## ਪੁੱਤ ਨਾਲ ਠੱਗੀ ਹੋਣ ਕਾਰਨ ਪਿਤਾ ਨੇ ਖ਼ੁਦਕੁਸ਼ੀ ਕੀਤੀ



ਧਾਰੀਵਾਲ, 4 ਦਸੰਬਰ (ਪੋਸਟ ਬਿਊਰੋ)- ਨੇੜਲੇ ਪਿੰਡ ਮੱਲ੍ਹੀਆਂ ਫਕੀਰਾਂ ਵਿੱਚ ਇਕ ਵਿਅਕਤੀ ਨੇ ਏਜੰਟ ਵੱਲੋਂ ਵਿਦੇਸ਼ ਭੇਜਣ ਦੇ ਨਾਂ 'ਤੇ ਮਾਰੀ ਠੱਗੀ ਤੋਂ ਦੁਖੀ ਹੋ ਕੇ ਜ਼ਹਿਰੀਲਾ ਪਦਾਰਥ ਪੀ ਕੇ ਖੁਦਕੁਸ਼ੀ ਕਰ ਲਈ ਹੈ। ਮ੍ਰਿਤਕ ਦੀ ਸ਼ਨਾਖਤ ਬਲਜਿੰਦਰ ਸਿੰਘ (43) ਵਜੋਂ ਹੋਈ ਹੈ। ਏਜੰਟਾਂ ਨੇ ਉਸ ਦੇ ਪੁੱਤਰ ਨੂੰ ਵਿਦੇਸ਼ ਭੇਜਣ ਲਈ ਪੈਸੇ ਲਏ ਸਨ।

ਮ੍ਰਿਤਕ ਦੀ ਪਤਨੀ ਦਵਿੰਦਰ ਕੌਰ ਨੇ ਪੁਲਸ ਨੂੰ ਦੱਸਿਆ ਹੈ ਕਿ ਜੌਨਸਨ ਮਸੀਹ ਤੇ ਉਸ ਦੀ ਪਤਨੀ ਅੰਜੂ ਪਿੰਡ ਸਲੇਮਪੁਰ ਅਫਗਾਨਾ ਹਾਲ ਵਾਸੀ ਨੇੜੇ ਧਾਰੀਵਾਲ ਨੇ ਉਨ੍ਹਾਂ ਦੇ ਲੜਕੇ ਗੁਰਪਿੰਦਰ ਸਿੰਘ ਨੂੰ ਵਿਦੇਸ਼ ਭੇਜਣ ਦੇ ਨਾਂ 'ਤੇ 14 ਲੱਖ 50 ਹਜ਼ਾਰ ਰੁਪਏ ਲਏ ਸਨ। ਇਸ ਦੌਰਾਨ ਗੁਰਪਿੰਦਰ ਸਿੰਘ ਨੂੰ ਪੁਲਸ ਵਿੱਚ ਨੌਕਰੀ ਮਿਲ ਗਈ। ਉਨ੍ਹਾਂ ਵੱਲੋਂ ਪੈਸੇ ਵਾਪਸ ਮੰਗਣ 'ਤੇ ਏਜੰਟ ਨੇ ਬਲਜਿੰਦਰ ਸਿੰਘ ਨੂੰ ਸੱਤ-ਸੱਤ ਲੱਖ ਰੁਪਏ ਦੇ ਚੈਕ ਦੇ ਦਿੱਤੇ, ਪਰ ਚੈਕ ਬਾਊਂਸ ਹੋ ਗਏ। ਮ੍ਰਿਤਕ ਦੀ ਪਤਨੀ ਨੇ ਦੱਸਿਆ ਕਿ ਜੋਗਿੰਦਰ ਸਿੰਘ ਵਾਸੀ ਮੁਹੱਲਾ ਲਾਲ ਬਾਗ, ਧਾਰੀਵਾਲ ਅਤੇ ਕੁਲਵਿੰਦਰ ਸਿੰਘ ਵਾਸੀ ਨੌਸ਼ਹਿਰਾ ਮੱਝਾ ਸਿੰਘ, ਜੋ ਉਸ ਦੇ ਪਤੀ (ਬਲਜਿੰਦਰ ਸਿੰਘ) ਦੇ ਜਾਣਕਾਰ ਹਨ, ਨੇ ਵੀ ਵਿਦੇਸ਼ ਜਾਣ ਲਈ ਉਨ੍ਹਾਂ ਰਾਹੀਂ ਭਰੋਸਾ ਕਰਕੇ ਇਸੇ ਏਜੰਟ ਜੋੜੇ ਨੂੰ ਲੱਖਾਂ ਰੁਪਏ ਦਿੱਤੇ ਹੋਏ ਹਨ। ਦਵਿੰਦਰ ਕੌਰ ਨੇ ਕਿਹਾ ਕਿ ਇਹ ਦੋਵੇਂ ਜਣੇ ਵੀ ਪੈਸੇ ਵਾਪਸ ਨਾ ਮਿਲਣ ਕਰਕੇ ਉਸ ਦੇ ਪਤੀ (ਬਲਜਿੰਦਰ ਸਿੰਘ) ਨੂੰ ਪ੍ਰੇਸ਼ਾਨ ਕਰਦੇ ਸਨ। ਦੁਖੀ ਹੋ ਕੇ ਬਲਜਿੰਦਰ ਸਿੰਘ ਨੇ ਜ਼ਹਿਰੀਲੀ ਦਵਾਈ ਪੀ ਲਈ। ਉਸ ਨੂੰ ਅੰਮ੍ਰਿਤਸਰ ਹਸਪਤਾਲ ਲਿਜਾਇਆ ਗਿਆ, ਜਿਥੇ ਉਸ ਦੀ ਮੌਤ ਹੋ ਗਈ। ਥਾਣਾ ਧਾਰੀਵਾਲ ਦੇ ਮੁਖੀ ਅਮਨਦੀਪ ਸਿੰਘ ਰੰਧਾਵਾ ਅਤੇ ਜਾਂਚ ਅਫਸਰ ਸਬ ਇੰਸਪੈਕਟਰ ਸਰਬਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਤਨੀ ਦੇ ਬਿਆਨਾਂ ਮੁਤਾਬਕ ਏਜੰਟ (ਪਤੀ-ਪਤਨੀ) ਜੌਨਸਨ ਮਸੀਹ ਤੇ ਅੰਜੂ, ਜੋਗਿੰਦਰ ਸਿੰਘ ਅਤੇ ਕੁਲਵਿੰਦਰ ਸਿੰਘ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਇਸ ਏਜੰਟ ਜੋੜੇ ਖਿਲਾਫ ਪਹਿਲਾਂ ਵੀ ਕੇਸ ਦਰਜ ਹੈ।

JEYA

LOOKING FOR LONG/SHORT HAULS

Hiring Team Drivers & Single drivers

DEDICATED A/Z DRIVERS FOR USA/LOCAL CANADA

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ

- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.

Sakshi: 647-534-5770 | Riki: 647-963-7131

Office: 905-564-8851

Email: ramesh@jeyatransport.com/sakshi@jeyatransport.com

PLATINUM MORTGAGES

FOR ALL MORTGAGE NEEDS

QUICK MORTGAGE ARRANGEMENT

2ND MORTGAGE

- NO CREDIT CHECK
- NO APPLICATION FEE
- NO JOB INCOME VERIFICATION
- NO PROBLEM

1ST MORTGAGE Starting from 2.59 % OAC

SPECIAL RATES FOR REFINANCING

Professional & Quality Service Guaranteed





Kanwaljit S. Dhunna

Mortgage broker

416.301.1976

Email: kdhunna62@gmail.com

Lic # 11992 FSCO # M08002472

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4

www.AREA REALTOR.com




KAMAL SANDHU

Sales Representative

647.891.0143

905.488.2100 ext. 407



# ਗਊ ਹੱਤਿਆ ਦੇ ਸ਼ੱਕ ਹੇਠ ਬੁਲੰਦ ਸ਼ਹਿਰ ਵਿੱਚ ਹਿੰਸਾ, ਦੋ ਮੌਤਾਂ



ਬੁਲੰਦ ਸ਼ਹਿਰ, 4 ਦਸੰਬਰ (ਪੋਸਟ ਬਿਊਰੋ)- ਉੱਤਰ ਪ੍ਰਦਸ਼ੇ ਦੇ ਬੁਲੰਦ ਸ਼ਹਿਰ ਵਿੱਚ ਗਊ ਹੱਤਿਆ ਦੇ ਸ਼ੱਕ ਵਿੱਚ ਕੱਲ੍ਹ ਹਿੰਸਾ ਫੈਲ ਗਈ। ਪ੍ਰਦਰਸ਼ਨਕਾਰੀਆਂ ਨੇ ਥਾਣੇ 'ਤੇ ਹਮਲਾ ਕਰ ਕੇ ਭੰਨ-ਤੋੜ ਕੀਤੀ ਅਤੇ ਪੁਲਸ ਦੀ ਇੱਕ ਵੈਨ ਨੂੰ ਅੱਗ ਲਾ ਦਿੱਤੀ। ਪੂਰਾ ਇਲਾਕਾ ਜੰਗ ਦੇ ਮੈਦਾਨ ਦੇ ਰੂਪ ਵਿੱਚ ਬਦਲ ਗਿਆ। ਹਿੰਸਾ ਦੌਰਾਨ ਪੁਲਸ 'ਤੇ ਫਾਇਰਿੰਗ ਕੀਤੀ ਗਈ, ਜਿਸ ਵਿੱਚ ਸਿਆਨਾ ਦੇ ਪੁਲਸ ਇੰਸਪੈਕਟਰ ਸੁਬੋਧ ਕੁਮਾਰ ਸਿੰਘ ਦੀ ਮੌਤ ਹੋ ਗਈ।

ਦੱਸਿਆ ਗਿਆ ਹੈ ਕਿ ਸਿਆਨਾ ਦੇ ਇੱਕ ਪਿੰਡ ਦੇ ਖੇਤ ਵਿੱਚ ਮਰੀ ਹੋਈ ਗਾਂ ਮਿਲਣ ਉੱਤੇ ਰੋਸ ਵਜੋਂ ਲੋਕਾਂ ਨੇ ਜਾਮ ਲਾਇਆ ਸੀ। ਇਸ ਕਾਰਨ ਪੁਲਸ ਤੇ ਭੀੜ ਦਾ ਵਿਵਾਦ ਹੋ ਗਿਆ। ਪੁਲਸ ਨੇ ਗਊ ਹੱਤਿਆ ਦੇ ਸ਼ੱਕ ਵਿੱਚ ਪ੍ਰਦਰਸ਼ਨ ਕਰ ਰਹੇ ਹਜ਼ਾਰਾਂ ਲੋਕਾਂ ਦੀ ਭੀੜ ਖਿਡਾਉਣ ਲਈ ਗੋਲੀ ਚਲਾ ਦਿੱਤੀ। ਇਸ ਵਿੱਚ ਇੱਕ ਨੌਜਵਾਨ ਜ਼ਖਮੀ ਹੋ ਗਿਆ। ਇਸ ਤੋਂ ਬਾਅਦ ਭੀੜ ਭੜਕ ਗਈ ਅਤੇ ਉਸ ਨੇ ਚੌਕੀ 'ਤੇ ਹਮਲਾ ਕਰ ਦਿੱਤਾ।

# 1984 ਵਾਲੇ ਸਿੱਖ ਕਤਲੇਆਮ ਦੇ 186 ਬੰਦ ਕੀਤੇ ਕੇਸਾਂ ਦੀ ਜਾਂਚ ਦੋ ਮੈਂਬਰੀ ਕਮੇਟੀ ਕਰੇਗੀ

ਨਵੀਂ ਦਿੱਲੀ, 4 ਦਸੰਬਰ (ਪੋਸਟ ਬਿਊਰੋ)- ਸਾਲ 1984 ਵਿਚ ਹੋਏ ਸਿੱਖ ਕਤਲੇਆਮ ਨਾਲ ਜੁੜੇ ਤੇ ਦਿੱਲੀ ਵਿਚ ਬੰਦ ਕੀਤੇ ਗਏ 186 ਕੇਸਾਂ ਦੀ ਜਾਂਚ ਅੱਗੇ ਤੋਂ ਸਿਰਫ 2 ਮੈਂਬਰੀ ਕਮੇਟੀ ਹੀ ਕਰੇਗੀ।

ਇਸ ਸਾਲ ਜਨਵਰੀ ਵਿਚ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਰਿਟਾਇਰਡ ਜੱਜ ਜਸਟਿਸ ਐਸ ਐਨ ਢੀਂਗਰਾ, ਅਭਿਸ਼ੇਕ ਦੁਲਾਰ ਆਈ ਪੀ ਐੱਸ ਅਤੇ ਰਿਟਾਇਰਡ ਆਈ ਪੀ ਐੱਸ ਰਾਜਦੀਪ ਸਿੰਘ ਦੀ ਤਿੰਨ ਮੈਂਬਰੀ ਕਮੇਟੀ ਬਣਾਈ ਸੀ। ਇਹਨਾਂ ਵਿਚੋਂ ਰਾਜਦੀਪ ਸਿੰਘ ਨੇ ਜਾਂਚ ਟੀਮ ਵਿਚ ਸ਼ਾਮਲ ਹੋਣ ਵਿਚ ਅਸਮਰਥਤਾ ਦੱਸੀ ਸੀ। ਪੀੜਤਾਂ ਦੇ ਵਕੀਲਾਂ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਜਗ੍ਹਾ ਕਿਸੇ ਨਵੇਂ ਮੈਂਬਰ ਨੂੰ ਸ਼ਾਮਿਲ ਕਰਨ ਦੀ ਬਜਾਏ ਦੋ ਮੈਂਬਰੀ ਕਮੇਟੀ ਨੂੰ ਹੀ ਜਾਂਚ ਜਾਰੀ ਰੱਖਣ ਦੀ ਇਜਾਜ਼ਤ ਦਿਤੀ ਜਾਵੇ। ਇਸ ਕਾਰਨ ਅੱਜ ਮੰਗਲਵਾਰ ਨੂੰ ਸੁਪਰੀਮ ਕੋਰਟ ਨੇ ਇਸ ਸੁਝਾਅ ਨੂੰ ਮੰਨਦੇ ਹੋਏ ਦੋ ਮੈਂਬਰੀ ਕਮੇਟੀ ਨੂੰ ਜਾਂਚ ਜਾਰੀ ਰੱਖਣ ਦੀ ਇਜਾਜ਼ਤ ਦਿਤੀ ਹੈ।

ਕੇਂਦਰ ਸਰਕਾਰ ਨੇ ਅਦਾਲਤ ਨੂੰ ਕਿਹਾ ਸੀ ਕਿ 1984 ਦੇ ਸਿੱਖ ਕਤਲੇਆਮ ਦੇ 186 ਕੇਸਾਂ ਦੀ ਨਿਗਰਾਨੀ ਕਰ ਰਹੀ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਕਮੇਟੀ ਦੇ ਇਕ ਮੈਂਬਰ ਵੱਲੋਂ ਅਸਮਰਥਤਾ ਦੱਸਣ ਦੇ ਕਾਰਨ ਉਨ੍ਹਾਂ ਦੀ ਜਗ੍ਹਾ ਹੋਰ ਮੈਂਬਰ ਲਿਆਉਣ ਦੀ ਲੋੜ ਨਹੀਂ। ਵਿਸ਼ੇਸ਼ ਜਾਂਚ ਕਮੇਟੀ ਦੇ ਮੈਂਬਰ ਭਾਰਤੀ ਪੁਲਿਸ ਸੇਵਾ ਦੇ ਸਾਬਕਾ ਅਧਿਕਾਰੀ ਰਾਜਦੀਪ ਸਿੰਘ ਨੇ ਨਿੱਜੀ ਕਾਰਨਾਂ ਕਰ ਕੇ ਇਸ ਦਾ ਹਿੱਸਾ ਬਣਨ ਤੋਂ ਮਨ੍ਹਾ ਕਰ ਦਿਤਾ ਸੀ।

ਜਸਟਿਸ ਮਦਨ ਬੀ ਲੋਕੁਰ ਅਤੇ ਜਸਟਿਸ ਦੀਪਕ ਗੁਪਤਾ ਦੀ ਬੈਂਚ ਦੇ ਨਾਲ ਸਾਲਿਸਟਰ ਜਨਰਲ ਪਿੰਕੀ ਆਨੰਦ ਨੇ ਵੀ ਕਿਹਾ ਕਿ ਜੇ ਜਾਂਚ ਕਮੇਟੀ ਦੇ ਦੋ ਹੋਰ ਮੈਂਬਰ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਐਸ ਐਨ ਢੀਂਗਰਾ ਅਤੇ ਆਈ ਪੀ ਐੱਸ ਅਫਸਰ ਅਭਿਸ਼ੇਕ ਦੁਲਾਰ ਅਪਣਾ ਕੰਮ ਜਾਰੀ ਰੱਖਦੇ ਹਨ ਤਾਂ ਉਨ੍ਹਾਂ ਨੂੰ ਇਤਰਾਜ਼ ਨਹੀਂ। ਬੈਂਚ ਨੇ ਕਿਹਾ ਸੀ ਕਿ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਕਮੇਟੀ ਬਣਾਉਣ ਦਾ 11 ਜਨਵਰੀ ਦਾ ਹੁਕਮ ਤਿੰਨ ਜੱਜਾਂ ਦੀ ਬੈਂਚ ਨੇ ਦਿਤਾ ਸੀ, ਇਸ ਲਈ ਉਹ ਦੋ ਜੱਜਾਂ ਦੀ ਬੈਂਚ ਦੇ ਰੂਪ ਵਿਚ ਇਸ ਨੂੰ ਬਦਲ ਨਹੀਂ ਸਕਦੇ।

# ਸਮੁੰਦਰੀ ਫੌਜ ਨੇ ਰਿਲਾਇੰਸ ਗਰੁੱਪ ਦੀ ਬੈਂਕ ਗਾਰੰਟੀ ਜ਼ਬਤ ਕੀਤੀ



ਨਵੀਂ ਦਿੱਲੀ, 4 ਦਸੰਬਰ (ਪੋਸਟ ਬਿਊਰੋ)- ਫਰਾਂਸ ਤੋਂ ਖਰੀਦੇ ਜਾ ਰਹੇ ਰਾਫੇਲ ਲੜਾਕੂ ਜਹਾਜ਼ਾਂ ਦੇ ਆਫਸੈਟ ਸਮਝੌਤੇ ਨੂੰ ਲੈ ਕੇ ਵਿਵਾਦਾਂ ਵਿੱਚ ਫਸੀ ਹੋਈ ਅਨਿਲ ਅੰਬਾਨੀ ਦੀ ਰਿਲਾਇੰਸ ਗਰੁੱਪ ਦੀ ਕੰਪਨੀ ਆਰ ਐਨ ਈ ਐਲ ਉਤੇ ਸਮੁੰਦਰੀ ਫੌਜ ਨੇ ਵੀ ਜੁਰਮਾਨਾ ਲਾ ਦਿੱਤਾ ਅਤੇ ਸਮੇਂ ਸਿਰ ਪੰਜ ਸਮੁੰਦਰੀ ਪੈਟਰੋਲਿੰਗ ਜਹਾਜ਼ਾਂ ਦੀ ਸਪਲਾਈ ਨਾ ਕਰਨ ਲਈ ਉਸ ਦੀ ਬੈਂਕ ਗਾਰੰਟੀ ਜ਼ਬਤ ਕਰ ਲਈ ਹੈ।

ਇਸ ਸੰਬੰਧ ਵਿੱਚ ਸਮੁੰਦਰੀ ਫੌਜ ਦੇ ਮੁਖੀ ਐਡਮਿਰਲ ਸੁਨੀਲ ਲਾਂਬੇ ਨੇ ਸਮੁੰਦਰੀ ਫੌਜ ਦਿਵਸ ਦੇ ਸਮਾਰੋਹ ਮੌਕੇ ਕੱਲ੍ਹ ਇਥੇ ਆਯੋਜਿਤ ਪ੍ਰੈੱਸ ਕਾਨਫਰੰਸ ਵਿੱਚ ਸਵਾਲਾਂ ਦੇ ਜਵਾਬ ਦੌਰਾਨ ਇਸ ਮਾਮਲੇ ਦੀ ਪੁਸ਼ਟੀ ਕੀਤੀ। ਉਨ੍ਹਾਂ ਕਿਹਾ, ਰਿਲਾਇੰਸ ਨੇਵਲ ਐਂਡ ਇੰਜੀਨੀਅਰਿੰਗ ਲਿਮਟਿਡ (ਆਰ ਐਨ ਈ ਐਲ) ਨਾਲ ਕਿਸੇ ਤਰ੍ਹਾਂ ਦੀ ਰਿਆਇਤ ਨਹੀਂ ਵਰਤੀ ਜਾ ਰਹੀ, ਉਸ ਦੀ ਬੈਂਕ ਗਾਰੰਟੀ ਜ਼ਬਤ ਕਰ ਲਈ ਹੈ, ਪਰ ਉਸ ਨਾਲ ਸਮਝੌਤਾ ਅਜੇ ਰੱਦ ਨਹੀਂ ਕੀਤਾ ਗਿਆ। ਇਸ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਇਸ ਉੱਤੇ ਅੱਗਲੇ ਕਦਮ ਦੇ ਬਾਰੇ ਫੈਸਲਾ ਲਿਆ ਜਾ ਰਿਹਾ ਹੈ।' ਉਨ੍ਹਾਂ ਨੇ ਕਿਹਾ ਕਿ ਰਿਲਾਇੰਸ ਡਿਫੈਂਸ ਦੇ ਕਰਜ਼ਿਆਂ ਦੀ ਭੁਗਤਾਨ ਦੀ ਸੂਚੀ ਫਿਰ ਬਣਾਉਣ ਦੀ ਪ੍ਰਕਿਰਿਆ ਚੱਲ ਰਹੀ ਹੈ ਤੇ ਉਸ ਦੇ ਬੈਂਕਰ ਆਈ ਡੀ ਬੀ ਆਈ ਨੇ ਉਸ ਦੇ ਖਿਲਾਫ ਅਦਾਲਤ ਦਾ ਦਰ ਖੜਕਾਇਆ ਹੈ। ਇਸ ਸੌਦੇ ਵਿੱਚ ਲਾਰਸਨ ਐਂਡ ਟੂਬਰੋ ਦੇ ਇਕੱਲੇ ਰਹਿ ਜਾਣ ਦੀਆਂ ਸੰਭਾਵਨਾਵਾਂ ਦੇ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਨੇ ਕਿਹਾ ਕਿ ਜਨਤਕ ਖੇਤਰ ਦੀਆਂ ਕੰਪਨੀਆਂ ਨਾਲ ਵੀ ਇਸ ਬਾਰੇ ਗੱਲ ਕੀਤੀ ਜਾ ਸਕਦੀ ਹੈ।

## ਭਗਤ ਸਿੰਘ ਦੇ ਮੁੱਦੇ ਤੋਂ ਇਤਿਹਾਸਕਾਰ ਬਿਪਿਨ ਚੰਦਰਾ ਦੀ ਲਿਖੀ ਕਿਤਾਬ ਸਾੜੀ

ਜੰਮੂ, 4 ਦਸੰਬਰ (ਪੋਸਟ ਬਿਊਰੋ)- ਜੰਮੂ ਯੂਨੀਵਰਸਿਟੀ ਦੇ ਪ੍ਰੋਫੈਸਰ ਤਾਜ ਉਦ ਦੀਨ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਅੱਤਵਾਦੀ ਕਹਿਣ ਉੱਤੇ ਵਿਦਿਆਰਥੀਆਂ 'ਚ ਗੁੱਸਾ ਰੁਕ ਨਹੀਂ ਰਿਹਾ। ਯੂਨੀਵਰਸਿਟੀ ਕੈਂਪਸ 'ਚ ਕੱਲ੍ਹ ਵਿਦਿਆਰਥੀਆਂ ਤੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੇ ਵਰਕਰਾਂ ਨੇ ਡੀਨ ਸਟੂਡੈਂਟਸ ਵੈਲਫੇਅਰ ਵਿਭਾਗ ਦੇ ਬਾਹਰ ਇਤਿਹਾਸਕਾਰ ਬਿਪਿਨ ਚੰਦਰਾ ਦੀ ਕਿਤਾਬ ਫ੍ਰੀਡਮ ਸਟ੍ਰੱਗਲ ਸਾੜ ਕੇ ਨਾਅਰੇਬਾਜ਼ੀ ਕੀਤੀ।

ਇਨ੍ਹਾਂ ਵਿਦਿਆਰਥੀਆਂ ਨੇ ਕਿਹਾ ਕਿ ਪ੍ਰੋ. ਤਾਜ ਉਦ ਦੀਨ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਪ੍ਰੋਫੈਸਰ ਦਾ ਸਿਰਫ ਮੁਆਫੀ ਮੰਗਣਾ ਕਾਫੀ ਨਹੀਂ, ਜਾਂਚ ਕਮੇਟੀ ਨੂੰ ਮੁੱਦੇ ਦੀ ਤਹਿ ਤੱਕ ਜਾ ਕਾਰਵਾਈ ਕਰਨੀ ਚਾਹੀਦੀ ਹੈ। ਸੁਯੱਸ਼ ਗੁਪਤਾ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਨੌਜਵਾਨਾਂ ਦੇ ਪ੍ਰੇਰਣਾ ਸਰੋਤ ਹਨ। ਦੇਸ਼ ਦੀ ਆਜ਼ਾਦੀ ਵਿੱਚ ਭਗਤ ਸਿੰਘ ਦੀ ਅਹਿਮ ਭੂਮਿਕਾ ਸੀ, ਜੇ ਕੋਈ ਪ੍ਰੋਫੈਸਰ ਹੀ ਭਗਤ ਸਿੰਘ ਨੂੰ ਅੱਤਵਾਦੀ ਕਰਾਰ ਦੇਵੇਗਾ ਤਾਂ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਸਾਬਕਾ ਸੂਚਨਾ ਕਮਿਸ਼ਨਰ ਨੇ ਕੇਂਦਰ ਸਰਕਾਰ ਉੱਤੇ ਧਮਕਾਉਣ ਦਾ ਦੋਸ਼ ਲਾਇਆ



ਨਵੀਂ ਦਿੱਲੀ, 4 ਦਸੰਬਰ (ਪੋਸਟ ਬਿਊਰੋ)- ਭਾਰਤ ਦੇ ਸਾਬਕਾ ਸੂਚਨਾ ਕਮਿਸ਼ਨਰ ਸ਼੍ਰੀਧਰ ਆਚਾਰਯੁਲੂ ਨੇ ਦੋਸ਼ ਲਾਇਆ ਹੈ ਕਿ ਸੂਚਨਾ ਕਮਿਸ਼ਨ ਆਪਣੇ ਖ਼ਿਲਾਫ਼ ਸਰਕਾਰ ਵੱਲੋਂ ਦਾਇਰ ਪਟੀਸ਼ਨਾਂ ਦੇ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ। ਉਨ੍ਹਾਂ ਨੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਤੋਂ ਇਸ ਕੇਸ ਵਿਚ ਦਖਲ ਦੀ ਮੰਗ ਕੀਤੀ ਹੈ।

ਇਸ ਸੰਬੰਧ ਵਿੱਚ ਰਾਸ਼ਟਰਪਤੀ ਨੂੰ ਲਿਖੇ ਪੱਤਰ ਵਿਚ ਸਾਬਕਾ ਸੂਚਨਾ ਕਮਿਸ਼ਨਰ ਸ਼੍ਰੀਧਰ ਆਚਾਰਯੁਲੂ ਨੇ ਕਿਹਾ ਹੈ ਕਿ ਹੇਠਲੇ ਪੱਧਰ ਦੀਆਂ ਪਟੀਸ਼ਨਾਂ ਦਾਇਰ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਦਾ ਮਕਸਦ ਜਿੱਤਣਾ ਨਹੀਂ, ਅਗਲੇ ਨੂੰ ਧਮਕਾਉਣਾ ਹੈ ਤਾਂ ਕਿ ਉਹ ਕਿਸੇ ਸੰਗਠਨ ਜਾਂ ਵਿਅਕਤੀ ਖ਼ਿਲਾਫ਼ ਬੋਲਣ ਦੀ ਜਨਤਕ ਸਰਗਰਮੀਆਂ ਤੋਂ ਤੌਬਾ ਕਰ ਲਵੇ। ਇਸ ਸੰਬੰਧ ਵਿੱਚ ਆਚਾਰਯੁਲੂ ਨੇ ਭਾਰਤੀ ਰਿਜ਼ਰਵ ਬੈਂਕ ਨਾਲ ਜੁੜੇ ਦੋ ਕੇਸਾਂ ਦਾ ਹਵਾਲਾ ਵੀ ਦਿੱਤਾ ਹੈ। ਆਚਾਰਯੁਲੂ ਨੇ ਦੱਸਿਆ ਕਿ ਸੁਪਰੀਮ ਕੋਰਟ ਦੇ ਆਦੇਸ਼ ਦੀ ਉਲੰਘਣਾ ਲਈ ਰਿਜ਼ਰਵ ਬੈਂਕ ਗਵਰਨਰ ਉਰਜਿਤ ਪਟੇਲ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ। ਸੁਪਰੀਮ ਕੋਰਟ ਨੇ ਸਾਬਕਾ ਸੂਚਨਾ ਕਮਿਸ਼ਨਰ ਸ਼ੈਲੇਸ਼ ਗਾਂਧੀ ਦਾ ਉਹ ਆਦੇਸ਼ ਕਾਇਮ ਰੱਖਿਆ, ਜਿਸ ਵਿਚ ਉਨ੍ਹਾਂ ਨੇ ਜਾਣ ਬੁੱਝ ਕੇ ਕਰਜ਼ ਨਾ ਮੋੜਨ ਵਾਲਿਆਂ ਦੇ ਨਾਂ ਦੱਸਣ ਲਈ ਕਿਹਾ ਸੀ। ਰਿਜ਼ਰਵ ਬੈਂਕ ਨੇ ਕੇਂਦਰੀ ਸੂਚਨਾ ਕਮਿਸ਼ਨ ਦੇ ਇਕ ਹੋਰ ਆਦੇਸ਼ ਨੂੰ ਵੀ ਚੁਣੌਤੀ ਦਿੱਤੀ ਸੀ, ਜਿਸ ਵਿਚ ਸਥਾਨਕ ਗ਼ੈਰ-ਸਰਕਾਰੀ ਸੰਗਠਨਾਂ ਦੇ ਵਿਦੇਸ਼ੀ ਦਾਨ ਦਾਤਾਵਾਂ ਦੀ ਜਾਣਕਾਰੀ ਨਾ ਦੇਣ ਉੱਤੇ ਸੂਚਨਾ ਕਮਿਸ਼ਨਰ ਸੁਧੀਰ ਭਾਰਗਵ ਨੇ ਰਿਜ਼ਰਵ ਬੈਂਕ ਦੇ ਸੀ ਪੀ ਆਈ ਓ ਨੂੰ ਕਾਰਨ ਦੱਸੋ ਨੋਟਿਸ ਦਿੱਤਾ ਸੀ। ਆਚਾਰਯੁਲੂ ਨੇ ਸਵਾਲ ਕੀਤਾ ਕਿ ਸੂਚਨਾ ਕਮਿਸ਼ਨਰ ਵਜੋਂ ਜਦੋਂ ਮੈਂ ਭਾਰਤ ਸਰਕਾਰ ਦਾ ਹਿੱਸਾ ਹਾਂ ਤੇ ਜਦੋਂ ਭਾਰਤ ਸਰਕਾਰ ਹੀ ਮੇਰੇ ਆਦੇਸ਼ਾਂ ਦੇ ਖ਼ਿਲਾਫ਼ ਲੜਦੀ ਹੈ ਤਾਂ ਮੇਰੀ ਰੱਖਿਆ ਕੌਣ ਕਰੇਗਾ।

## ਟਾਇਲਟ ਵਿੱਚ ਧੋਤੇ ਕੱਪ ਵਿੱਚ ਭਾਜਪਾ ਮੰਤਰੀ ਨੂੰ 'ਸਪੈਸ਼ਲ ਚਾਹ' ਪਿਆਈ ਗਈ

ਸੋਨੀਪਤ, 4 ਦਸੰਬਰ (ਪੋਸਟ ਬਿਊਰੋ)- ਘਰ ਵਿੱਚ ਮਹਿਮਾਨ ਆਵੇ ਤਾਂ ਚਾਹ ਨਾ ਪਿਆਈ ਜਾਂਦੀ ਹੈ, ਪਰ ਹਰਿਆਣਾ ਦੇ ਸੋਨੀਪਤ ਵਿੱਚ ਬੈਠਕ ਕਰਨ ਆਏ ਮੰਤਰੀ ਅਤੇ ਉਨ੍ਹਾਂ ਦੇ ਅਧਿਕਾਰੀਆਂ ਨੂੰ ਜਿਹੜੀ ਸਪੈਸ਼ਲ ਚਾਹ ਪਿਆਈ ਗਈ, ਉਸ ਬਾਰੇ ਜਾਣ ਕੇ ਸਭ ਦਾ ਮੂਡ ਕਿਰਕਿਰਾ ਹੋ ਜਾਵੇਗਾ।

ਅਸਲ ਵਿੱਚ ਪਿਛਲੇ ਦਿਨੀਂ ਹਰਿਆਣਾ ਸਰਕਾਰ ਦੇ ਟਰਾਂਸਪੋਰਟ ਮੰਤਰੀ ਕ੍ਰਿਸ਼ਨ ਲਾਲ ਪੰਵਾਰ ਸੋਨੀਪਤ ਦੇ ਮਿੰਨੀ ਸਕੱਤਰੇਤ ਦੀ ਤੀਜੀ ਮੰਜ਼ਲ 'ਤੇ ਦੁੱਖ ਨਿਵਾਰਨ ਕਮੇਟੀ ਦੀ ਬੈਠਕ ਲਈ ਗਏ ਸਨ। ਇਸ ਦੌਰਾਨ ਉਨ੍ਹਾਂ ਨੂੰ ਚਾਹ ਪਿਆਈ ਗਈ। ਮਿੰਨੀ ਸਕੱਤਰੇਤ ਦੀ ਤੀਜੀ ਮੰਜ਼ਲ 'ਤੇ ਚਾਹ ਬਣਦੀ ਹੈ, ਪਰ ਓਥੇ ਰਸੋਈ ਨਹੀਂ। ਜਦੋਂ ਰਸੋਈ ਨਹੀਂ ਤਾਂ ਕੱਪ ਧੋਣ ਲਈ ਟਾਇਲਟ ਦੇ ਪਾਣੀ ਦੀ ਵਰਤੋਂ ਕੀਤੀ ਗਈ ਤੇ ਟਾਇਲਟ ਦੇ ਗੰਦੇ ਪਾਣੀ ਨਾਲ ਧੋਤੇ ਕੱਪਾਂ ਵਿਚ ਸਟਾਫ ਨੇ ਮੰਤਰੀ ਤੇ ਉਨ੍ਹਾਂ ਦੇ ਅਧਿਕਾਰੀਆਂ ਨੂੰ ਚਾਹ ਪਿਆਈ। ਜਦੋਂ ਮੰਤਰੀ ਨੂੰ ਏਨੀ ਸਪੈਸ਼ਲ ਚਾਹ ਦੀ ਭਣਕ ਲੱਗੀ ਤਾਂ ਹੋਸ਼ ਉਡ ਗਏ। ਮੀਡੀਆ ਨੇ ਜਦੋਂ ਇਹ ਖਬਰ ਦੱਸੀ ਤਾਂ ਮੰਤਰੀ ਪੰਵਾਰ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਉਨ੍ਹਾਂ ਤੁਰੰਤ ਡਿਪਟੀ ਕਮਿਸ਼ਨਰ ਨੂੰ ਕਾਰਵਾਈ ਕਰਨ ਦੇ ਹੁਕਮ ਦਿੱਤੇ ਅਤੇ ਕਿਹਾ ਕਿ ਇਹ ਗਲਤੀ ਮੁਆਫ਼ੀ ਦੇ ਲਾਇਕ ਨਹੀਂ।

ਸੰਘ ਨੇਤਾ ਨੇ ਪੁੱਛਿਆ

## ਸਰਦਾਰ ਪਟੇਲ ਦੀ ਮੂਰਤੀ ਬਣ ਗਈ ਤਾਂ ਰਾਮ ਦੀ ਕਿਉਂ ਨਾ ਬਣੀ



ਨਵੀਂ ਦਿੱਲੀ, 4 ਦਸੰਬਰ (ਪੋਸਟ ਬਿਊਰੋ)- ਭਾਜਪਾ ਸਰਕਾਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਆਰ ਐੱਸ ਐੱਸ ਦੇ ਇੱਕ ਨੇਤਾ ਨੇ ਸਵਾਲ ਚੁੱਕਿਆ ਹੈ ਕਿ ਜਦ ਗੁਜਰਾਤ ਵਿੱਚ ਸਰਦਾਰ ਵੱਲਭ ਭਾਈ ਪਟੇਲ ਦੀ ਮੂਰਤੀ ਬਣਾਈ ਜਾ ਸਕਦੀ ਹੈ ਤਾਂ ਅਯੁੱਧਿਆ ਵਿੱਚ ਰਾਮ ਮੰਦਰ ਦੀ ਉਸਾਰੀ ਲਈ ਕਾਨੂੰਨ ਪਾਸ ਕਿਉਂ ਨਹੀਂ ਹੋ ਸਕਦਾ?

ਰਾਸ਼ਟਰੀ ਸਵੈ ਸੇਵਕ ਸੰਘ (ਆਰ ਐੱਸ ਐੱਸ) ਦੇ ਨੇਤਾ ਦੱਤਾਤ੍ਰੇਅ ਹੋਸ-ਬੋਲੇ ਨੇ ਇਥੇ ਇੱਕ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸੁਪਰੀਮ ਕੋਰਟ ਨੇ ਵੱਖਰੇ ਬੈਂਚ ਦਾ ਗਠਨ ਕੀਤਾ ਹੈ, ਜੋ ਅਯੁੱਧਿਆ ਭੂਮੀ ਮਾਲਿਕਾਨਾ ਹੱਕ ਮਾਮਲੇ ਦੀ ਸੁਣਵਾਈ ਕਰ ਰਿਹਾ ਹੈ, ਪਰ ਇਸ ਮੁੱਦੇ 'ਤੇ ਹਾਲੇ ਤੱਕ ਕੋਈ ਫੈਸਲਾ ਨਹੀਂ ਕੀਤਾ ਗਿਆ। ਹੋਸਬੋਲੇ ਨੇ ਸਵਾਲ ਕੀਤਾ ਕਿ ਜੇ ਗੁਜਰਾਤ ਵਿੱਚ ਨਰਮਦਾ ਨਦੀ ਕਿਨਾਰੇ ਪਟੇਲ ਦੀ ਮੂਰਤੀ ਬਣ ਸਕਦੀ ਹੈ ਤਾਂ ਰਾਮ ਮੰਦਰ ਦੀ ਉਸਾਰੀ ਲਈ ਕੋਈ ਕਾਨੂੰਨ ਪਾਸ ਕਿਉਂ ਨਹੀਂ ਹੋ ਸਕਦਾ? ਉਨ੍ਹਾਂ ਹਿੰਦੂ ਪ੍ਰੀਸ਼ਦ ਅਤੇ ਕੁਝ ਹੋਰ ਸੰਗਠਨਾਂ ਵੱਲੋਂ ਕਰਵਾਈ ਸਭਾ ਨੂੰ ਸੰਬੋਧਨ ਕੀਤਾ, ਜਿਸ ਦਾ ਪ੍ਰਬੰਧ ਰਾਮ ਮੰਦਰ ਦੀ ਛੇਤੀ ਉਸਾਰੀ ਲਈ ਕੇਂਦਰ 'ਤੇ ਦਬਾਅ ਪਾਉਣ ਕੀਤਾ ਗਿਆ ਸੀ।

# ਫਰਜ਼ੀ ਮੁਕਾਬਲਾ ਕੇਸ ਵਿੱਚ ਗੁਜਰਾਤ ਸਰਕਾਰ ਨੂੰ ਇੱਕ ਹਫਤੇ ਦਾ ਨੋਟਿਸ



ਨਵੀਂ ਦਿੱਲੀ, 4 ਦਸੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਗੁਜਰਾਤ ਵਿੱਚ 2002 ਅਤੇ 2006 ਦੇ ਅਰਸੇ ਦੌਰਾਨ ਹੋਏ ਫਰਜ਼ੀ ਮੁਕਾਬਲਿਆਂ ਦੀ ਜਾਂਚ ਲਈ ਆਪਣੇ ਵੱਲੋਂ ਬਣਾਈ ਕਮੇਟੀ ਦੀ ਅੰਤਰਿਮ ਰਿਪੋਰਟ ਦਾ ਜਵਾਬ ਦਾਅਵਾ ਪੇਸ਼ ਕਰਨ ਲਈ ਗੁਜਰਾਤ ਸਰਕਾਰ ਨੂੰ ਇਕ ਹਫਤੇ ਦਾ ਸਮਾਂ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਸੁਪਰੀਮ ਕੋਰਟ ਨੇ ਇਹ ਹੁਕਮ ਉਘੇ ਪੱਤਰਕਾਰ ਬੀ ਜੀ ਵਰਗਿਸ ਅਤੇ ਸ਼ਾਇਰ ਤੇ ਗੀਤਕਾਰ ਜਾਵੇਦ ਅਖਤਰ ਵੱਲੋਂ ਦਾਇਰ ਦੋ ਜਨਹਿੱਤ ਪਟੀਸ਼ਨਾਂ ਦੇ ਸਬੰਧ ਵਿੱਚ ਕੀਤੇ ਹਨ। ਦੋਵਾਂ ਪਟੀਸ਼ਨਰਾਂ ਨੇ ਫਰਜ਼ੀ ਮੁਕਾਬਲਿਆਂ ਦੀ ਸੀ ਬੀ ਆਈ ਜਾਂ ਕਿਸੇ ਨਿਰਪੱਖ ਏਜੰਸੀ ਤੋਂ ਜਾਂਚ ਕਰਾਉਣ ਦੀ ਮੰਗ ਕੀਤੀ ਸੀ ਤਾਂ ਕਿ ਸੱਚ ਸਾਹਮਣੇ ਆ ਸਕੇ। ਵਰਗਿਸ ਦੀ 30 ਦਸੰਬਰ 2014 ਨੂੰ ਮੌਤ ਹੋ ਗਈ ਸੀ। ਕੇਸ ਦੀ ਅਗਲੀ ਸੁਣਵਾਈ 12 ਦਸੰਬਰ ਨੂੰ ਹੋਵੇਗੀ। ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਅੱਗੇ ਪੇਸ਼ ਹੋਏ ਵਕੀਲ ਪ੍ਰਸ਼ਾਂਤ ਭੂਸ਼ਨ ਨੇ ਦੱਸਿਆ ਕਿ ਸੁਪਰੀਮ ਕੋਟ ਵੱਲੋਂ ਆਪਣੇ ਸਾਬਕਾ ਜੱਜ ਜਸਟਿਸ ਐਚ ਸੀ ਬੇਦੀ ਦੀ ਅਗਵਾਈ ਹੇਠ ਬਣੀ ਨਿਗਰਾਨ ਕਮੇਟੀ ਨੇ ਵਿਸ਼ੇਸ਼ ਟਾਸਕ ਫੋਰਸ ਵੱਲੋਂ ਕੀਤੀ ਜਾਂਚ ਦੀ ਪੜਚੋਲ ਮਗਰੋਂ ਆਪਣੀ ਅੰਤਰਿਮ ਰਿਪੋਰਟ ਰਜਿਸਟਰੀ ਨੂੰ ਦੇ ਦਿੱਤੀ ਹੈ। ਭੂਸ਼ਨ ਨੇ ਬੈਂਚ, ਜਿਸ ਵਿੱਚ ਜਸਟਿਸ ਐਸ ਕੇ ਕੌਲ ਅਤੇ ਜਸਟਿਸ ਕੇ ਐਮ ਜੋਜ਼ੇਫ ਵੀ ਸ਼ਾਮਲ ਹਨ, ਨੂੰ ਕਿਹਾ ਕਿ ਦੋਵੇਂ ਪਟੀਸ਼ਨਾਂ ਉਤੇ ਅੱਗੋਂ ਸੁਣਵਾਈ ਦੇ ਅੰਤਰਿਮ ਪੜਾਅ 'ਤੇ ਹਨ।

## ਪਰਸਨਲ ਡਾਟਾ ਲਈ ਲੋਕਾਂ ਦਾ ਸਰਕਾਰ ਤੋਂ ਵੱਧ ਨਿੱਜੀ ਕੰਪਨੀਆਂ ਉੱਤੇ ਭਰੋਸਾ

ਮੁੰਬਈ, 4 ਦਸੰਬਰ (ਪੋਸਟ ਬਿਊਰੋ)- ਕੰਸਲਟੈਂਸੀ ਫਰਮ ਕੇ ਪੀ ਐੱਮ ਜੀ ਦੇ ਇੱਕ ਸਰਵੇ ਵਿੱਚ ਹੈਰਾਨਕੁੰਨ ਨਤੀਜੇ ਆਏ ਹਨ। ਸਰਵੇ ਦੇ ਅਨੁਸਾਰ ਪਰਨਸਲ ਡਾਟਾ ਸ਼ੇਅਰ ਕਰਨ ਦੇ ਮਾਮਲੇ ਵਿੱਚ ਲੋਕ ਸਰਕਾਰ ਤੋਂ ਵੱਧ ਨਿੱਜੀ ਕੰਪਨੀਆਂ 'ਤੇ ਭਰੋਸਾ ਕਰਦੇ ਹਨ। ਲੋਕਾਂ ਨੂੰ ਸਭ ਤੋਂ ਵੱਧ ਭਰੋਸਾ ਟੈਕਨਾਲੋਜੀ ਕੰਪਨੀਆਂ ਅਤੇ ਬੈਂਕਾਂ 'ਤੇ ਹੈ।

ਮਿਲੀ ਜਾਣਕਾਰੀ ਅਨੁਸਾਰ ਕਰੀਬ 75 ਫੀਸਦੀ ਲੋਕਾਂ ਨੇ ਕਿਹਾ ਕਿ ਇਨ੍ਹਾਂ ਕੰਪਨੀਆਂ ਨਾਲ ਪਰਸਨਲ ਡਾਟਾ ਸਾਂਝਾ ਕਰਨ ਵਿੱਚ ਉਨ੍ਹਾਂ ਨੂੰ ਕੋਈ ਪਰੇਸ਼ਾਨੀ ਨਹੀਂ। 62 ਫੀਸਦੀ ਲੋਕਾਂ ਨੇ ਵੈਲਥ ਮੈਨੇਜਮੈਂਟ ਕੰਪਨੀਆਂ ਤੇ 62 ਫੀਸਦੀ ਨੇ ਹੀ ਬਿਜਲੀ ਅਤੇ ਦੂਸਰੀਆਂ ਯੂਟੀਲਿਟੀ ਕੰਪਨੀਆਂ 'ਤੇ ਭਰੋਸਾ ਪ੍ਰਗਟਾਇਆ। ਸਰਕਾਰ 'ਤੇ ਭਰੋਸਾ ਪ੍ਰਗਟਾਉਣ ਵਾਲੇ ਲੋਕਾਂ ਦੀ ਗਿਣਤੀ ਸਿਰਫ 51 ਫੀਸਦੀ ਸੀ। ਅੱਠ ਦੇਸ਼ਾਂ ਵਿੱਚ 25000 ਲੋਕਾਂ ਦੇ ਨਾਲ ਗੱਲਬਾਤ ਦੇ ਆਧਾਰ ਉੱਤੇ ਕੇ ਪੀ ਐੱਮ ਜੀ ਨੇ ਇਹ ਰਿਪੋਰਟ ਤਿਆਰ ਕੀਤੀ ਹੈ। ਭਾਰਤ ਵਿੱਚ ਇਸ ਨੇ 3000 ਲੋਕਾਂ ਦਾ ਸਰਵੇ ਕੀਤਾ ਹੈ। ਇਸ ਦੇ ਨਤੀਜੇ ਉਸ ਸਮੇਂ ਆਏ ਹਨ, ਜਦ ਸੁਪਰੀਮ ਕੋਰਟ ਨੇ ਬੈਂਕਾਂ, ਪੇਮੈਂਟ ਸਰਵਿਸ ਅਤੇ ਟੈਲੀਕਾਮ ਕੰਪਨੀਆਂ ਲਈ ਆਧਾਰ ਜ਼ਰੂਰੀ ਹੋਣ ਦੀ ਸ਼ਰਤ ਖਤਮ ਕਰ ਦਿੱਤੀ ਹੈ। ਪ੍ਰਾਈਵੇਸੀ ਦੇ ਉਲੰਘਣ ਅਤੇ ਡਾਟਾ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ ਇਸ ਨੇ ਇਨ੍ਹਾਂ ਕੰਪਨੀਆਂ ਤੋਂ ਪੁਰਾਣਾ ਡਾਟਾਬੇਸ ਡਿਲੀਟ ਕਰਨ ਨੂੰ ਵੀ ਕਿਹਾ ਹੈ।

ਕੰਸਲਟੈਂਸੀ ਫਰਮ ਦੇ 'ਮੀ, ਮਾਇ ਲਾਈਫ, ਮਾਇ ਵਾਲੇਟ' ਨਾਂਅ ਤੋਂ ਜਾਰੀ ਸਰਵੇ ਮੁਤਾਬਕ ਦੁਨੀਆ ਭਰ ਵਿੱਚ ਸਰਕਾਰ 'ਤੇ ਭਰੋਸਾ ਕਰਨ ਵਾਲਿਆਂ ਦੀ ਗਿਣਤੀ 37 ਹੈ। ਇਸ ਪੱਖੋਂ ਦੇਖਿਆ ਜਾਏ ਤਾਂ ਭਾਰਤ ਵਿੱਚ ਲੋਕ ਸਰਕਾਰ 'ਤੇ ਵੱਧ ਭਰੋਸਾ ਕਰਦੇ ਹਨ। ਕੰਸਲਟੈਂਸੀ ਫਰਮ ਦਾ ਕਹਿਣਾ ਹੈ ਕਿ ਸਰਕਾਰਾਂ ਉੱਤੇ ਭਰੋਸੇ ਵਿੱਚ ਕਮੀ ਰਾਜਸੀ ਝਗੜਿਆਂ, ਸੰਵਿਧਾਨਕ ਸੰਕਟ ਅਤੇ ਬਦਲਦੇ ਰਾਜਨੀਤਕ ਮਾਹੌਲ ਦੇ ਕਾਰਨ ਆਈ ਹੈ। ਸਰਵੇ ਵਿੱਚ ਸ਼ਾਮਲ 87 ਫੀਸਦੀ ਭਾਰਤੀਆਂ ਨੇ ਕਿਹਾ ਕਿ ਉਹ ਬਿਹਤਰ ਗ੍ਰਾਹਕ, ਅਨੁਭਵ, ਪ੍ਰਸਨਲਾਈਜੇਸ਼ਨ, ਬਿਹਤਰ ਪ੍ਰੋਡਕਟ ਅਤੇ ਸੁਰੱਖਿਆ ਦੇ ਲਈ ਕੰਪਨੀਆਂ ਦੇ ਨਾਲ ਆਪਣਾ ਡਾਟਾ ਸਾਂਝਾ ਕਰਨ ਲਈ ਤਿਆਰ ਹਨ। 13 ਫੀਸਦੀ ਲੋਕਾਂ ਨੇ ਕਿਹਾ ਕਿ ਉਹ ਆਪਣਾ ਡਾਟਾ ਕਦੇ ਨਹੀਂ ਵੇਚਣਗੇ।

◆ Insurance ◆
Punjab Insurance Inc

• Super Visa Insurance
• Life Insurance
• Disability Insurance
• Critical illness Insurance
• Mortgage Insurance
• RRSP (Retirement Plan)
• RESP (Education Plan)
• Visitor Insurance
• Health and Dental Plans..
• Travel Insurance
• Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

## ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਅਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਮੰਗਲਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਦੀਆਂ ਹਾਜਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੋ ਜੀ।

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਗੜ੍ਹੀ- 647-207-1887, ਸਤਪਾਲ ਸਿੰਘ ਗਰੇਵਾਲ ਨੂੰ 519-405-0075, ਜਸਵੰਤ ਸਿੰਘ ਰਜ਼ੂਲ 647-856-9612, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 905-458-6446,ਅਜੀਤ ਸਿੰਘ ਉਰਨਾ 647-308-0360, ਇੰਦਰਜੀਤ ਸਿੰਘ ਗਿੱਲ 416-918-9459 ਨੂੰ ਸੰਪਰਕ ਕਰੋ ਜੀ।


BANKRUPTCY, PROPOSAL, R9.........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

# ਈਰਾਨ ਨੇ ਕਿਹਾ, ਮਿਜ਼ਾਈਲਾਂ ਦੇ ਪ੍ਰੀਖਣ ਤਾਂ ਜਾਰੀ ਰਹਿਣਗੇ

ਦੁਬਈ, 4 ਦਸੰਬਰ (ਪੋਸਟ ਬਿਊਰੋ)- ਈਰਾਨ ਨੇ ਬੀਤੇ ਦਿਨੀਂ ਕਿਹਾ ਕਿ ਦੇਸ਼ ਦੀ ਸੁਰੱਖਿਆ ਮਜ਼ਬੂਤ ਕਰਨ ਲਈ ਉਹ ਮਿਜ਼ਾਈਲ ਪ੍ਰੀਖਣ ਜਾਰੀ ਰੱਖੇਗਾ। ਇਸ ਨਾਲ ਕਿਸੇ ਕੌਮਾਂਤਰੀ ਸਮਝੌਤੇ ਦੀ ਉਲੰਘਣਾ ਨਹੀਂ ਹੁੰਦੀ।

ਇਸ ਤਰ੍ਹਾਂ ਦਾ ਬਿਆਨ ਈਰਾਨ ਦੀ ਸਰਕਾਰ ਨੇ ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਦੀ ਉਸ ਟਿੱਪਣੀ ਤੋਂ ਇਕ ਦਿਨ ਬਾਅਦ ਦਿੱਤਾ ਹੈ, ਜਿਸ 'ਚ ਉਨ੍ਹਾਂ ਨੇ ਈਰਾਨ ਉਤੇ ਹਾਲੀਆ ਮਿਜ਼ਾਈਲ ਪ੍ਰੀਖਣ ਕਰਨ ਅਤੇ ਸਾਲ 2015 'ਚ ਵਿਸ਼ਵ ਸ਼ਕਤੀਆਂ ਨਾਲ ਕੀਤੇ ਐਟਮੀ ਪ੍ਰੋਗਰਾਮ ਨਾਲ ਜੁੜੇ ਸਮਝੌਤੇ ਦੀ ਉਲੰਘਣਾ ਦਾ ਦੋਸ਼ ਲਾਇਆ ਸੀ। ਹਾਲਾਂਕਿ ਇਸ ਨਾਲ ਮਈ 'ਚ ਅਮਰੀਕਾ ਇਕਪਾਸੜ ਇਸ ਸਮਝੌਤੇ ਤੋਂ ਪਿੱਛੇ ਹਟ ਗਿਆ ਸੀ। ਈਰਾਨੀ ਫੌਜ ਦੇ ਬੁਲਾਰੇ ਬ੍ਰਿਗੇਡੀਅਰ ਜਨਰਲ ਅਬੂ ਅਫਜ਼ਲ ਸ਼ੇਕਰਚੀ ਨੇ ਕਿਹਾ, 'ਮਿਜ਼ਾਈਲ ਪ੍ਰੀਖਣ ਦੇਸ਼ ਦੀ ਸੁਰੱਖਿਆ ਤੇ ਦੁਸ਼ਮਣਾਂ ਤੋਂ ਬਚਾਅ ਲਈ ਕੀਤੇ ਜਾਂਦੇ ਹਨ। ਇਸ ਲਈ ਅਸੀਂ ਮਿਜ਼ਾਈਲ ਵਿਕਸਤ ਕਰਨਾ ਤੇ ਉਨ੍ਹਾਂ ਦਾ ਪ੍ਰੀਖਣ ਜਾਰੀ ਰੱਖਾਂਗੇ। ਇਹ ਕਿਸੇ ਵੀ ਕੌਮਾਂਤਰੀ ਸਮਝੌਤੇ ਦੀ ਉਲੰਘਣਾ ਨਹੀਂ ਹੈ। ਇਹ ਸਾਡੀ ਰਾਸ਼ਟਰੀ ਸੁਰੱਖਿਆ ਨਾਲ ਜੁੜਿਆ ਮਸਲਾ ਹੈ। ਇਸ ਲਈ ਸਾਨੂੰ ਕਿਸੇ ਦੇਸ਼ ਦੀ ਇਜਾਜ਼ਤ ਲੈਣ ਦੀ ਲੋੜ ਨਹੀਂ।'

ਉਨ੍ਹਾਂ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ ਕਿ ਈਰਾਨ ਨੇ ਮਿਜ਼ਾਈਲ ਪ੍ਰੀਖਣ ਕੀਤਾ ਜਾਂ ਨਹੀਂ। ਇਸ ਤੋਂ ਪਹਿਲਾਂ ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੌਨ ਬੋਲਟਨ ਨੇ ਟਵੀਟ ਕਰਕੇ ਕਿਹਾ ਕਿ ਈਰਾਨ ਨੇ ਹਾਲੀਆ ਬੈਲਿਸਟਿਕ ਮਿਜ਼ਾਈਲ ਦਾ ਪ੍ਰੀਖਣ ਕੀਤਾ ਹੈ। ਇਹ ਮਿਜ਼ਾਈਲ ਇਜ਼ਰਾਈਲ ਤੇ ਯੂਰਪ ਤੱਕ ਮਾਰ ਕਰਨ 'ਚ ਸਮਰੱਥ ਹੈ।

ਇਮਰਾਨ ਖਾਨ ਨੇ ਕਿਹਾ:

# ਕਰਤਾਪੁਰ ਲਾਂਘੇ ਨੂੰ ਖੋਲ੍ਹਣਾ ਕੋਈ ਗੁਗਲੀ ਸੁੱਟਣਾ ਨਹੀਂ



ਇਸਲਾਮਾਬਾਦ, 4 ਦਸੰਬਰ (ਪੋਸਟ ਬਿਊਰੋ)- ਭਾਰਤ-ਪਾਕਿ ਦਰਮਿਆਨ ਕਰਤਾਰਪੁਰ ਸਾਹਿਬ ਦੇ ਲਾਂਘੇ ਤੋਂ ਪੈਦਾ ਹੋਏ ਵਿਵਾਦ ਨੂੰ ਖਤਮ ਕਰਨ ਦੀ ਕੋਸ਼ਿਸ਼ ਵਿੱਚ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਕਿ ਕਰਤਾਪੁਰ ਲਾਂਘਾ ਖੋਲ੍ਹਣਾ ਗੁਗਲੀ ਸੁੱਟਣਾ ਨਹੀਂ, ਸਗੋਂ ਇਹ ਉਨ੍ਹਾਂ ਦਾ ਸਪੱਸ਼ਟ ਫੈਸਲਾ ਸੀ।

ਵਰਨਣ ਯੋਗ ਹੈ ਕਿ ਪਿਛਲੇ ਵੀਰਵਾਰ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇਤਿਹਾਸਿਕ ਕਰਤਾਪੁਰ ਲਾਂਘੇ ਦੇ ਨੀਂਹ-ਪੱਥਰ ਸਮਾਰੋਹ ਦੇ ਲਈ ਭਾਰਤ ਸਰਕਾਰ ਦੀ ਹਾਜ਼ਰੀ ਨੂੰ ਯਕੀਨੀ ਕਰਨ ਲਈ ਇਕ ਗੁਗਲੀ ਸੁੱਟੀ ਸੀ, ਜਿਸ ਵਿਚ ਭਾਰਤ ਫਸ ਗਿਆ। ਕੁਰੈਸ਼ੀ ਦੇ ਬਿਆਨ ਦੀ ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਤਿੱਖੀ ਆਲੋਚਨਾ ਕੀਤੀ ਸੀ। ਜਾਣਕਾਰ ਸੂਤਰਾਂ ਦੇ ਅਨੁਸਾਰ ਇਮਰਾਨ ਖਾਨ ਨੇ ਕਿਹਾ ਕਿ ਕਰਤਾਪੁਰ ਲਾਂਘੇ ਨੂੰ ਖੋਲ੍ਹਣਾ ਗੁਗਲੀ ਸੁੱਟਣਾ ਜਾਂ ਦੋਹਰੀ ਖੇਡ ਨਹੀਂ, ਇਹ ਸਪੱਸ਼ਟ ਫ਼ੈਸਲਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ, ਭਾਰਤ ਨਾਲ ਸ਼ਾਂਤੀ ਪੂਰਨ ਸਬੰਧ ਬਣਾਉਣ ਲਈ ਬੇਹਦ ਗੰਭੀਰ ਹੈ। ਉਨ੍ਹਾਂ ਕਰਤਾਰਪੁਰ ਲਾਂਘੇ ਨੂੰ ਵਿਕਸਿਤ ਕਰਨ ਲਈ 28 ਨਵੰਬਰ ਨੂੰ ਇਤਿਹਾਸਕ ਸਮਾਰੋਹ ਕੀਤਾ ਸੀ, ਜਿਸ ਮੌਕੇ ਭਾਰਤੀ ਮੰਤਰੀ ਹਰਸਿਮਰਤ ਕੌਰ ਬਾਦਲ, ਹਰਦੀਪ ਸਿੰਘ ਪੁਰੀ ਅਤੇ ਪੰਜਾਬ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਮੌਜੂਦ ਸਨ। ਇਹ ਲਾਂਘਾ ਕਰਤਾਰਪੁਰ ਗੁਰੂਦੁਆਰੇ ਨੂੰ ਭਾਰਤ ਦੇ ਗੁਰਦਾਸਪੁਰ ਵਿਚ ਡੇਰਾ ਬਾਬਾ ਨਾਨਕ ਨਾਲ ਜੋੜੇਗਾ। ਬਾਅਦ ਵਿਚ ਦੋਵੇਂ ਵਿਦੇਸ਼ ਮੰਤਰੀਆਂ ਨੇ ਇਕ-ਦੂਜੇ 'ਤੇ ਇਸ ਮੌਕੇ ਨੂੰ ਰਾਜਨੀਤਕ ਲਾਭ ਲਈ ਵਰਤਣ ਦਾ ਦੋਸ਼ ਲਾਏ ਸਨ।

# ਰੂਸ ਦਾ ਸੋਯੂਜ਼ ਤਿੰਨ ਜਣਿਆਂ ਸਣੇ ਇੰਟਰਨੈਸ਼ਨਲ ਸਪੇਸ ਸਟੇਸ਼ਨ ਜਾ ਪੁੱਜਾ



ਵਾਸ਼ਿੰਗਟਨ, 4 ਦਸੰਬਰ (ਪੋਸਟ ਬਿਊਰੋ)- ਰੂਸ ਦਾ ਸੋਯੂਜ਼ ਪੁਲਾੜ ਯਾਨ ਤਿੰਨ ਪੁਲਾੜ ਯਾਤਰੀਆਂ ਨਾਲ ਮੰਗਲਵਾਰ ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈ ਐੱਸ ਐੱਸ) ਉੱਤੇ ਪੁੱਜ ਗਿਆ। ਅਕਤੂਬਰ ਮਹੀਨੇ ਇਸ ਦੀ ਆਈ ਐੱਸ ਐੱਸ ਮੁਹਿੰਮ ਉਡਾਣ ਭਰਨ ਦੇ ਕੁਝ ਦੇਰ ਪਿੱਛੋਂ ਤਕਨੀਕੀ ਖ਼ਾਮੀਆਂ ਕਾਰਨ ਨਾਕਾਮ ਹੋ ਗਈ ਸੀ ਅਤੇ ਉਸ ਨੂੰ ਫਿਰ ਧਰਤੀ ਉੱਤੇ ਐਮਰਜੈਂਸੀ ਲੈਂਡਿੰਗ ਕਰਨੀ ਪੈ ਗਈ ਸੀ।

ਸੋਯੂਜ਼ ਅਮਰੀਕਾ ਦੇ ਐੱਨ ਮੈਕਕਲੇਨ, ਕੈਨੇਡਾ ਦੇ ਡੇਵਿਡ ਸੇਂਟ ਜੈਕਸ ਅਤੇ ਰੂਸ ਦੇ ਓਲੇਗ ਕੋਨੋਨੈਂਕੋ ਨਾਲ ਆਈ ਐੱਸ ਐੱਸ ਉੱਤੇ ਪੁੱਜਾ ਹੈ। ਮੈਕਕਲੇਨ ਅਤੇ ਜੈਕਸ ਪਹਿਲੀ ਵਾਰ ਅਤੇ ਕੋਨੋਨੈਂਕੋ ਚੌਥੀ ਵਾਰ ਆਈ ਐੱਸ ਐੱਸ ਪੁੱਜੇ ਹਨ। ਛੇ ਮਹੀਨੇ ਲੰਬੇ ਮਿਸ਼ਨ ਦੌਰਾਨ ਤਿੰਨੇ ਜਣੇ ਆਈ ਐੱਸ ਐੱਸ ਉੱਤੇ ਜੀਵ ਵਿਗਿਆਨ ਅਤੇ ਫਿਜ਼ਿਕਸ ਤਜਰਬੇ ਕਰਨਗੇ। ਇਸ ਦੌਰਾਨ ਉਹ ਧਰਤੀ ਦੇ ਜੰਗਲਾਂ ਦਾ ਅਧਿਐਨ ਕਰਨ ਦੇ ਨਾਲ ਹੀ ਸੈਟੇਲਾਈਟਾਂ ਨੂੰ ਤਾਇਨਾਤ ਕਰਨ ਦੇ ਤਜਰਬੇ ਵੀ ਕਰਨਗੇ। ਇਨ੍ਹਾਂ ਤਿੰਨਾਂ ਦੇ ਨਾਲ ਅਜੇ ਮੁਹਿੰਮ-57 ਦੇ ਤਿੰਨ ਮੈਂਬਰ ਆਈ ਐੱਸ ਐੱਸ 'ਤੇ ਮੌਜੂਦ ਹਨ।

ਅਕਤੂਬਰ ਵਿਚ ਉਡਾਣ ਭਰਨ ਪਿੱਛੋਂ ਬੂਸਟਰ ਫੇਲ੍ਹ ਹੋਣ ਕਾਰਨ ਸੋਯੂਜ਼ ਦੀ ਐਮਰਜੈਂਸੀ ਲੈਂਡਿੰਗ ਕਰਾਉਣੀ ਪਈ ਸੀ। ਇਹ ਪਹਿਲਾ ਮੌਕਾ ਸੀ, ਜਦੋਂ ਇਸ ਯਾਨ ਦੀ ਕੋਈ ਮੁਹਿੰਮ ਨਾਕਾਮ ਹੋਈ ਸੀ। ਉਸ ਮੁਹਿੰਮ ਵਿਚ ਸ਼ਾਮਲ ਅਮਰੀਕੀ ਪੁਲਾੜ ਯਾਤਰੀ ਨਿਕ ਹੇਗ ਨੂੰ ਅਗਲੇ ਸਾਲ ਫਰਵਰੀ ਵਿਚ ਆਈ ਐੱਸ ਐੱਸ 'ਤੇ ਭੇਜਿਆ ਜਾਵੇਗਾ।

# ਖਾਸ਼ੋਗੀ ਦੇ ਵਟਸਐਪ ਤੋਂ ਨਵੇਂ ਸੁਰਾਗ ਮਿਲਣ ਦੀ ਆਸ

ਵਾਸ਼ਿੰਗਟਨ, 4 ਦਸੰਬਰ (ਪੋਸਟ ਬਿਊਰੋ)- ਸਾਊਦੀ ਮੂਲ ਦੇ ਪੱਤਰਕਾਰ ਜਮਾਲ ਖਸ਼ੋਗੀ ਨੇ ਹੱਤਿਆ ਤੋਂ ਪਹਿਲਾਂ ਆਪਣੇ ਇਕ ਸਾਊਦੀ ਸਾਥੀ ਨੂੰ 400 ਤੋਂ ਜ਼ਿਆਦਾ ਵਟਸਐਪ ਸੰਦੇਸ਼ ਭੇਜੇ ਸਨ। ਇਨ੍ਹਾਂ ਸੰਦੇਸ਼ਾਂ ਤੋਂ ਉਨ੍ਹਾਂ ਦੀ ਹੱਤਿਆ ਦੇ ਮਾਮਲੇ 'ਚ ਨਵੇਂ ਸੁਰਾਗ ਮਿਲਣ ਦੀ ਸੰਭਾਵਨਾ ਪ੍ਰਗਟਾਈ ਗਈ ਹੈ।

ਇਕ ਸੰਦੇਸ਼ 'ਚ ਉਨ੍ਹਾਂ ਨੇ ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੂੰ ਕਰੂਰ ਵਿਅਕਤੀ ਕਰਾਰ ਦਿੱਤਾ ਸੀ। ਖਸ਼ੋਗੀ ਦੀ ਦੋ ਅਕਤੂਬਰ ਨੂੰ ਤੁਰਕੀ ਦੇ ਇਸਤਾਂਬੁਲ ਸ਼ਹਿਰ 'ਚ ਸਥਿਤ ਸਾਊਦੀ ਅਰਬ ਦੇ ਵਣਜ ਦੂਤਘਰ 'ਚ ਹੱਤਿਆ ਕਰ ਦਿੱਤੀ ਗਈ ਸੀ। ਉਹ ਕ੍ਰਾਊਨ ਪ੍ਰਿੰਸ ਦੇ ਕੱਟੜ ਆਲੋਚਕ ਮੰਨੇ ਜਾਂਦੇ ਸਨ।

ਸੀ ਐਨ ਐਨ ਮੁਤਾਬਕ ਖਸ਼ੋਗੀ ਨੇ ਕੈਨੇਡਾ 'ਚ ਸਵੈ ਜਲਾਵਤਨ ਜ਼ਿੰਦਗੀ ਬਤੀਤ ਕਰ ਰਹੇ ਸਾਊਦੀ ਦੇ ਸਮਾਜਿਕ ਵਰਕਰ ਉਮਰ ਅਬਦੁਲ ਅਜੀਜ਼ ਨੂੰ ਸੰਦੇਸ਼ ਦੇ ਨਾਲ ਕਈ ਵਾਇਸ ਰਿਕਾਰਡਿੰਗ, ਫੋਟੋ ਤੇ ਵੀਡੀਓ ਭੇਜੇ ਸਨ। ਅਮਰੀਕੀ ਅਖਬਾਰ ਵਾਸ਼ਿੰਗਟਨ ਪੋਸਟ ਲਈ ਕੰਮ ਕਰਦੇ ਖਸ਼ੋਗੀ ਨੇ ਮਈ 'ਚ ਇਕ ਸੰਦੇਸ਼ 'ਚ ਲਿਖਿਆ ਸੀ, 'ਉਹ ਬਹੁਤਿਆਂ ਦਾ ਸ਼ਿਕਾਰ ਕਰ ਚੁੱਕੇ ਹਨ ਤੇ ਹੋਰਨਾਂ ਦਾ ਕਰਨਾ ਚਾਹੁੰਦੇ ਹਨ।' ਸ਼ਾਇਦ ਖਸ਼ੋਗੀ ਦਾ ਇਸ਼ਾਰਾ ਕ੍ਰਾਊਨ ਪ੍ਰਿੰਸ ਵੱਲ ਸੀ।

# ਗੇਅ ਸੈਕਸ ਸ਼ੋਸ਼ਣ ਦੇ ਦੋਸ਼ਾਂ ਨਾਲ ਘਿਰੇ ਕੇਵਿਨ ਸਪੇਸੀ ਦਾ ਕੋਈ ਥਹੁ-ਪਤਾ ਨਹੀਂ ਲੱਗਦਾ



ਵਾਸ਼ਿੰਗਟਨ, 4 ਦਸੰਬਰ (ਪੋਸਟ ਬਿਊਰੋ)- ਨਵੰਬਰ ਦੇ ਸ਼ੁਰੂ ਵਿਚ ਅਮਰੀਕਾ ਦੇ ਮਸ਼ਹੂਰ ਸਿਆਸੀ ਡਰਾਮੇ ਹਾਊਸ ਆਫ ਕਾਰਡਸ ਦੀ ਸਕਰੀਨਿੰਗ ਹੋਈ ਤਾਂ ਦਰਸ਼ਕਾਂ 'ਚ ਕੋਈ ਉਤਸ਼ਾਹ ਨਜ਼ਰ ਨਹੀਂ ਆਇਆ। ਪਹਿਲਾਂ ਇਹ ਸਭ ਤੋਂ ਹਿੱਟ ਮੰਨਿਆ ਜਾਣ ਵਾਲਾ ਸ਼ੋਅ ਸੀ। ਨੈਟਫਲਿਕਸ 'ਤੇ ਇਸ ਸੀਰੀਜ਼ ਨੂੰ ਬਹੁਤ ਹੀ ਲੋਕਪ੍ਰਿਅਤਾ ਮਿਲੀ ਸੀ। ਇਸ 'ਚ ਪ੍ਰੈਜ਼ੀਡੈਂਟ ਫ੍ਰੇਕ ਅੰਡਰਵੁੱਡ ਦੀ ਭੂਮਿਕਾ ਕੇਵਿਨ ਸਪੇਸੀ ਨੇ ਨਿਭਾਈ ਸੀ।

ਕੇਵਿਨ ਅਜਿਹੇ ਸਟਾਰ ਰਹੇ ਹਨ, ਜਿਨ੍ਹਾਂ ਨੂੰ ਦੋ ਵਾਰ ਆਸਕਰ ਐਵਾਰਡ ਮਿਲ ਚੁੱਕਾ ਹੈ, ਪਰ ਸੈਕਸ ਸ਼ੋਸ਼ਣ ਦੇ ਦੋਸ਼ਾਂ ਤੋਂ ਬਾਅਦ ਉਨ੍ਹਾਂ ਦਾ ਸਿਤਾਰਾ ਇਸ ਤਰ੍ਹਾਂ ਡੁੱਬਿਆ ਕਿ ਅੱਜ ਤੱਕ ਉਨ੍ਹਾਂ ਦਾ ਥਹੁ-ਪਤਾ ਨਹੀਂ ਮਿਲ ਰਿਹਾ। ਕੇਵਿਨ 'ਤੇ ਅਕਤੂਬਰ 2017 'ਚ ਸੈਕਸ ਸ਼ੋਸ਼ਣ ਦੇ ਦੋਸ਼ ਲੱਗੇ ਸਨ, ਜੋ ਸਾਥੀ ਕਲਾਕਾਰਾਂ ਲਾਏ ਸਨ। ਇੱਕ ਬਾਲ ਕਲਾਕਾਰ ਨੇ ਵੀ ਅਜਿਹੇ ਦੋਸ਼ ਲਾਏ ਸਨ, ਜਿਸ ਤੋਂ ਬਾਅਦ ਉਨ੍ਹਾਂ ਨੇ ਮੁਆਫੀ ਵੀ ਮੰਗੀ। ਕੇਵਿਨ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਵਰਗੇ ਪ੍ਰਤਿਭਾਸ਼ਾਲੀ ਅਭਿਨੇਤਾ ਘੱਟ ਹੀ ਹਨ, ਪਰ ਉਨ੍ਹਾਂ ਦਾ ਮਾੜਾ ਸਮਾਂ ਉਦੋਂ ਸ਼ੁਰੂ ਹੋਇਆ ਜਦੋਂ 29 ਅਕਤੂਬਰ 2017 ਨੂੰ ਸਟਾਰ ਟਰੈਕ 'ਤੇ ਕੰਮ ਕਰ ਚੁੱਕੇ ਐਂਥਨੀ ਰੈਪ ਨੇ ਉਨ੍ਹਾਂ 'ਤੇ ਸੈਕਸ ਸ਼ੋਸ਼ਣ ਦਾ ਦੋਸ਼ ਲਾਇਆ। ਇਹ ਘਟਨਾ ਸਾਲ 1986 ਦੀ ਹੈ ਤੇ ਉਸ ਸਮੇਂ ਰੈਪ 14 ਸਾਲ ਦਾ ਸੀ। ਇਸ ਤੋਂ ਬਾਅਦ ਅੱਜ ਤੱਕ ਕੁੱਲ 30 ਲੋਕ ਕੇਵਿਨ 'ਤੇ ਅਜਿਹੇ ਦੋਸ਼ ਲਾ ਚੁੱਕੇ ਹਨ। ਇਨ੍ਹਾਂ ਮਾਮਲਿਆਂ ਦੀ ਸ਼ਿਕਾਇਤ ਪੁਲਸ ਨੂੰ ਨਹੀਂ ਕੀਤੀ ਗਈ, ਪਰ ਲਾਸ ਏਂਜਲਸ ਅਤੇ ਲੰਡਨ ਦੀ ਪੁਲਸ ਇਨ੍ਹਾਂ ਮਾਮਲਿਆਂ ਦੀ ਜਾਂਚ ਕਰ ਰਹੀ ਹੈ। ਇਨ੍ਹਾਂ ਦੇ ਸਾਹਮਣੇ ਆਉਣ ਤੋਂ ਬਾਅਦ ਕੇਵਿਨ ਨੂੰ ਜਨਤਕ ਤੌਰ 'ਤੇ ਨਹੀਂ ਦੇਖਿਆ ਗਿਆ। ਉਨ੍ਹਾਂ ਨੂੰ ਆਖਰੀ ਵਾਰ ਪਿਛਲੇ ਸਾਲ ਐਰੀਜ਼ੋਨਾ ਦੇ ਮੀਡੋਜ਼ ਰੀਹੈਬ ਸੈਂਟਰ ਵਿੱਚ ਦੇਖਿਆ ਗਿਆ ਸੀ। ਉਹ ਕਿੱਥੇ ਹਨ, ਇਸ ਬਾਰੇ ਉਨ੍ਹਾਂ ਦੇ ਕਰੀਬੀ ਵੀ ਦੱਸ ਨਹੀਂ ਸਕਦੇ। ਕੇਵਿਨ ਕੋਲ ਅਥਾਹ ਦੌਲਤ ਹੈ, ਪਰ ਸਵਾਲ ਇਹ ਹੈ ਕਿ ਕੀ ਉਹ ਆਪਣੀ ਪਛਾਣ ਲੁਕੋ ਕੇ ਕਿਤੇ ਰਹਿ ਰਹੇ ਹਨ। ਉਂਝ ਕੇਵਿਨ ਨੇ ਖੁੱਲ੍ਹੇ ਤੌਰ 'ਤੇ ਇਹ ਮੰਨਿਆ ਕਿ ਉਹ ਗੇਅ ਹੈ ਤੇ ਉਸ ਦੇ ਬਹੁਤ ਸਾਰੇ ਗੇਅ ਲੋਕਾਂ ਨਾਲ ਸੰਬੰਧ ਰਹੇ ਹਨ। ਕੁਝ ਲੋਕਾਂ ਦਾ ਕਹਿਣਾ ਹੈ ਕਿ ਉਹ ਸੈਕਸ ਦੀ ਆਦਤ ਤੋਂ ਛੁਟਕਾਰਾ ਪਾਉਣ ਲਈ ਕਿਸੇ ਰੀਹੈਬ ਸੈਂਟਰ 'ਚ ਹਨ, ਪਰ ਸਾਫ ਕੁਝ ਵੀ ਪਤਾ ਨਹੀਂ ਚੱਲ ਰਿਹਾ ਕਿ ਕੇਵਿਨ ਹੈ ਕਿੱਥੇ?

# ਅਫਵਾਹਾਂ ਬਾਰੇ ਰਾਸ਼ਟਰਪਤੀ ਨੇ ਕਿਹਾ, 'ਮੈਂ ਅਜੇ ਜਿੰਦਾ ਹਾਂ'

ਅਬੂਜਾ, 4 ਦਸੰਬਰ (ਪੋਸਟ ਬਿਊਰੋ)- ਨਾਈਜੀਰੀਆ ਦੇ ਰਾਸ਼ਟਰਪਤੀ ਮੁਹੰਮਦੂ ਬੁਹਾਰੀ ਨੇ ਆਪਣੀ ਖਰਾਬ ਸਿਹਤ ਨੂੰ ਲੈ ਕੇ ਉਨ੍ਹਾਂ ਸਾਰੀਆਂ ਅਫਵਾਹਾਂ ਨੂੰ ਰੱਦ ਕੀਤਾ ਹੈ ਜੋ ਉਨ੍ਹਾਂ ਨੂੰ ਮ੍ਰਿਤਕ ਮੰਨ ਕੇ ਕਿਸੇ ਹੋਰ ਨੂੰ ਰਾਸ਼ਟਰਪਤੀ ਦੇ ਸਥਾਨ 'ਤੇ ਬਿਠਾਉਣ ਬਾਰੇ ਫੈਲ ਰਹੀਆਂ ਹਨ। ਇਨ੍ਹਾਂ ਅਫਵਾਹਾਂ ਦੇ ਚੱਲਣ ਦੌਰਾਨ ਰਾਸ਼ਟਰਪਤੀ ਖੁਦ ਪੋਲੈਂਡ ਵਿੱਚ ਯੂ ਐਨ ਦੇ ਇਕ ਪ੍ਰੋਗਰਾਮ ਵਿੱਚ ਲੋਕਾਂ ਦੇ ਸਾਹਮਣੇ ਆਏ ਅਤੇ ਕਿਹਾ ਕਿ ਮੈਂ ਜਿੰਦਾ ਹਾਂ। ਅਸਲ ਵਿੱਚ ਸੋਸ਼ਲ ਮੀਡੀਆ 'ਤੇ ਇਹ ਅਫਵਾਹ ਹੈ ਕਿ ਬੁਹਾਰੀ ਦੀ ਮੌਤ ਹੋ ਚੁੱਕੀ ਹੈ ਅਤੇ ਉਨ੍ਹਾਂ ਵਰਗੇ ਦਿਸਣ ਵਾਲੇ ਇਕ ਸੁਡਾਨੀ ਹਮਸ਼ਕਲ ਨੂੰ ਕੁਰਸੀ 'ਤੇ ਬੈਠਾ ਦਿੱਤਾ ਗਿਆ ਹੈ। ਬੁਹਾਰੀ ਨੇ ਪੋਲੈਂਡ ਦੇ ਕੈਟੋਵਾਈਸ ਵਿੱਚ ਯੂ ਐਨ ਦੇ ਜਲਵਾਯੂ ਸਿਖਰ ਸੰਮੇਲਨ ਵਿੱਚ ਸ਼ਾਮਲ ਹੋਣ ਦੇ ਦੌਰਾਨ ਨਾਈਜੀਰੀਆ ਦੇ ਪ੍ਰਵਾਸੀ ਨਾਗਰਿਕਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਕਿਹਾ, ਮੈਂ ਤੁਹਾਨੂੰ ਭਰੋਸਾ ਦਿੰਦਾ ਹਾਂ ਕਿ ਇਹ ਮੈਂ ਹੀ ਹਾਂ। ਜਲਦੀ ਹੀ ਮੈਂ ਆਪਣਾ 76ਵਾਂ ਜਨਮ ਦਿਨ ਮਨਾਵਾਂਗਾ ਅਤੇ ਮੈਂ ਹਾਲੇ ਮਜਬੂਤੀ ਨਾਲ ਕੰਮ ਕਰਾਂਗਾ।'

# ਬ੍ਰਿਟੇਨ ਦੇ ਸ਼ਾਸਕਾਂ ਨੇ 173 ਸਾਲਾਂ ਵਿੱਚ ਭਾਰਤ ਵਿੱਚੋਂ 45 ਖਰਬ ਡਾਲਰ ਲੁੱਟੇ



ਲੰਡਨ, 4 ਦਸੰਬਰ (ਪੋਸਟ ਬਿਊਰੋ)- ਭਾਰਤ 'ਤੇ 200 ਸਾਲ ਤੱਕ ਬ੍ਰਿਟੇਨ ਨੇ ਰਾਜ ਕੀਤਾ, ਜਿਸ ਸਮੇਂ ਦੌਰਾਨ ਬਹੁਤ ਹੀ ਗਰੀਬੀ ਅਤੇ ਭੁਖਮਰੀ ਸੀ। ਇਨ੍ਹਾਂ ਦੋ ਸਦੀਆਂ ਵਿੱਚ ਭਾਰਤ ਦੀ ਦੌਲਤ ਘਾਟੇ ਵਿੱਚ ਆਈ।

ਇਸ ਬਾਰੇ ਉਘੀ ਅਰਥ ਸ਼ਾਸਤਰੀ ਉਤਸ਼ਾ ਪਟਨਾਇਕ ਵੱਲੋਂ ਬਸਤੀਵਾਦੀ ਭਾਰਤ ਅਤੇ ਬ੍ਰਿਟੇਨ ਦੇ ਸਬੰਧਾਂ ਬਾਰੇ ਕੀਤੀ ਖੋਜ 'ਚ ਇਸ ਦਾ ਖੁਲਾਸਾ ਕੀਤਾ ਹੈ। ਉਤਸ਼ਾ ਪਟਨਾਇਕ ਨੇ ਕਿਹਾ ਕਿ ਭਾਰਤੀਆਂ ਨੂੰ ਇਹ ਜਾਣਨ 'ਚ ਉਤਸੁਕਤਾ ਹੋਵੇਗੀ ਕਿ ਬ੍ਰਿਟੇਨ ਦੀ ਸਰਕਾਰ ਨੇ ਭਾਰਤ ਤੋਂ ਕਿੰਨਾ ਖਜ਼ਾਨਾ ਖੋਹਿਆ ਹੈ। ਕੋਲੰਬੀਆ ਯੂਨੀਵਰਸਿਟੀ ਪ੍ਰੈਸ ਵੱਲੋਂ ਬੀਤੇ ਦਿਨੀਂ ਛਾਪੇ ਇਕ ਲੇਖ 'ਚ ਲੇਖਿਕਾ ਨੇ ਕਿਹਾ ਕਿ ਬ੍ਰਿਟੇਨ ਨੇ ਭਾਰਤ ਤੋਂ 45 ਖਰਬ ਡਾਲਰ ਕੱਢਿਆ, ਜਿਸ ਕਰ ਕੇ ਅੱਜ ਤੱਕ ਭਾਰਤ ਗਰੀਬੀ 'ਚੋਂ ਬਾਹਰ ਨਹੀਂ ਨਿਕਲ ਸਕਿਆ। ਪਟਨਾਇਕ ਨੇ ਕਿਹਾ ਕਿ ਬ੍ਰਿਟੇਨ ਦੇ 70 ਸਾਲ ਪਹਿਲਾਂ ਭਾਰਤ ਛੱਡਣ ਦੇ ਬਾਵਜੂਦ ਬਸਤੀਵਾਦੀ ਦੇ ਚਿੰਨ੍ਹ ਬਾਕੀ ਹਨ। ਪਟਨਾਇਕ ਨੇ ਕਿਹਾ ਕਿ 1765 ਤੋਂ 1938 ਦਰਮਿਆਨ 9.2 ਟਰੀਲੀਅਨ ਪੌਂਡ (45 ਖਰਬ ਡਾਲਰ) ਬਾਹਰ ਕੱਢਿਆ, ਜੋ ਭਾਰਤ ਦੀ ਬਾਹਰ ਗਈ ਕਮਾਈ ਨੂੰ ਮਾਪ ਦੇ ਰੂਪ ਵਿੱਚ ਲੈ ਰਿਹਾ ਹੈ ਅਤੇ ਪੰਜ ਫੀਸਦੀ ਵਿਆਜ ਦਰ ਨੂੰ ਵਧਾ ਰਿਹਾ ਹੈ। ਉਸ ਨੇ ਕਿਹਾ ਕਿ ਭਾਰਤੀਆਂ ਨੂੰ ਕਦੇ ਵੀ ਉਨ੍ਹਾਂ ਦੇ ਕੀਮਤੀ ਸਰੋਤਾਂ ਜਿਵੇਂ ਸੋਨਾ ਅਤੇ ਹੋਰ ਕਮਾਈ ਦਾ ਸਿਹਰਾ ਨਹੀਂ ਦਿੱਤਾ ਗਿਆ, ਜੋ ਸਾਰੇ ਬ੍ਰਿਟੇਨ ਦੇ ਲੋਕਾਂ ਨੂੰ ਖੁਆਉਣ ਲਈ ਗਏ ਸਨ। ਖੋਜ ਅਨੁਸਾਰ ਸਾਲ 1900 ਤੋਂ 1945/46 ਤੱਕ ਦੇਸ਼ ਦੀ ਪ੍ਰਤੀ ਵਿਅਕਤੀ ਆਮਦਨ ਲਗਭਗ ਸਥਿਰ ਸੀ, ਜਿਹੜੀ ਸਾਲ 1900 ਤੋਂ 1920 ਤੱਕ 196.1 ਰੁਪਏ ਅਤੇ 1945 ਤੋਂ 1946 ਤੱਕ ਮਸਾਂ 201.9 ਰੁਪਏ ਤੱਕ ਪ੍ਰਤੀ ਵਿਅਕਤੀ ਆਮਦਨ ਸੀ, ਇਹ ਸਭ ਭਾਰਤ ਦੇ ਆਜ਼ਾਦ ਹੋਣ ਤੋਂ ਇਕ ਸਾਲ ਪਹਿਲਾਂ ਸੀ।

ਇਹ ਸਭ ਉਸ ਸਮੇਂ ਹੋਇਆ ਜਦੋਂ 1929 ਨੂੰ ਭਾਰਤ ਨੂੰ ਤਿੰਨ ਦਹਾਕਿਆਂ ਦਾ ਐਕਸਪੋਰਟ ਕਰਨ ਵਾਲੀ ਵਿਸ਼ਵ ਦੀ ਦੂਜੀ ਸਭ ਤੋਂ ਵੱਡੀ ਸ਼ਕਤੀ ਐਲਾਨਿਆ ਗਿਆ। ਉਤਸ਼ਾ ਅਨੁਸਾਰ ਬ੍ਰਿਟੇਨ ਦੇ ਲੋਕ ਹਰ ਸਾਲ ਭਾਰਤ ਦੇ 26-26 ਫੀਸਦੀ ਦੇ ਬਜਟ ਦੇ ਬਰਾਬਰ ਦੇ ਸਰੋਤਾਂ ਨੂੰ ਲੁੱਟਣ ਲੱਗੇ, ਜਿਸ ਨੇ ਭਾਰਤ ਦੇ ਵਿਕਾਸ ਨੂੰ ਵੱਡਾ ਨੁਕਸਾਨ ਪਹੁੰਚਾਇਆ।

ਪਟਨਾਇਕ ਦਾ ਮੰਨਣਾ ਹੈ ਕਿ ਜੇ ਇਹ ਕਮਾਈ ਭਾਰਤ 'ਚ ਰਹਿੰਦੀ ਤਾਂ ਭਾਰਤ ਅੱਜ ਬਹੁਤ ਅੱਗੇ ਹੋਣਾ ਸੀ। ਇਸ ਨੇ ਸਿਹਤ ਸਹੂਲਤਾਂ ਅਤੇ ਸਮਾਜਿਕ ਭਲਾਈ ਦੇ ਖੇਤਰ 'ਚ ਅੱਗੇ ਵਧਣਾ ਸੀ। ਉਤਸ਼ਾ ਨੇ ਖੋਜ 'ਚ ਅਜਿਹੇ ਹੈਰਾਨ ਕਰਨ ਵਾਲੇ ਅੰਕੜੇ ਪੇਸ਼ ਕੀਤੇ ਹਨ, ਜਿਸ 'ਚ ਉਸ ਨੇ ਕਿਹਾ ਕਿ ਜਦੋਂ ਭਾਰਤ ਦੇ ਲੋਕ ਭੁੱਖਮਰੀ, ਮੱਖੀਆਂ ਅਤੇ ਹੋਰ ਬਿਮਾਰੀਆਂ ਨਾਲ ਮਰ ਰਹੇ ਸਨ, ਉਸ ਸਮੇਂ ਵੀ ਬ੍ਰਿਟੇਨ ਵਾਲਿਆਂ ਨੇ ਗਰੀਬ ਭਾਰਤੀਆਂ ਦੀ ਕਮਾਈ ਨੂੰ ਬਾਹਰ ਕੱਢਣ ਦਾ ਕੰਮ ਜਾਰੀ ਰੱਖਿਆ। ਉਨ੍ਹਾਂ ਕਿਹਾ ਕਿ 1911 'ਚ ਭਾਰਤੀਆਂ ਦੀ ਉਮਰ ਸਿਰਫ 22 ਸਾਲ ਮੰਨੀ ਜਾਂਦੀ ਸੀ। ਪਟਨਾਇਕ ਨੇ ਕਿਹਾ ਕਿ ਇਸ ਲੁੱਟ ਕਾਰਨ ਭਾਰਤ 'ਚ ਕਾਲ ਪੈ ਗਿਆ ਅਤੇ ਖਰੀਦ ਸ਼ਕਤੀ ਘੱਟ ਗਈ।



Honesty, Reliability, Commitment
HOMELIFE SILVERCITY
"Open House Until Sold"
Hira Randhawa
Broker
○ 1 yr Home Warranty
○ Furniture & Home Appliances
○ Get 40% Discount on Brand Name
○ Free Evaluation & Lowest Commission
www.hirarandhawa.com | hirarandhawa@yahoo.ca
For all your Needs Call: 416.319.0551 or 905.913.8585
SAVE SAVE SAVE ....$$$$$$
Super Visa Insurance
On affordable rates, pay in installments, full refund on early cancellation.
RESP
Act immediately to get 15% Extra govt. grant of Year 2018
Visitor/Travel/Life/ Disability/Funeral Insurance


A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344

MICHELIN | Hankook | Continental | ROADLUX | BFGoodrich | AEOLUS
BEST TRUCK REPAIR & TIRE CENTRE

We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT
BRAND NEW MACHINES 2018
Chevron Delo
Special OIL CHANGE Rates
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
1715 Sismet Rd, Mississauga | Call Ranjit: 416.624.8351 | Tel: 905.625.0055

## ਜਾਅਲੀ ਸਰਟੀਫਿਕੇਟ ਨਾਲ ਫੌਜੀ ਭਰਤੀ ਲਈ ਪੁੱਜਾ ਹਰਿਆਣਵੀ ਨੌਜਵਾਨ ਕਾਬੂ



ਜਲੰਧਰ, 4 ਦਸੰਬਰ (ਪੋਸਟ ਬਿਊਰੋ)- ਥਾਣਾ ਕੈਂਟ ਦੀ ਪੁਲਸ ਨੇ ਕੱਲ੍ਹ 18 ਸਾਲਾ ਅਜਿਹੇ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਹੈ, ਜਿਹੜਾ ਦਸਵੀਂ ਕਲਾਸ ਦਾ ਜਾਅਲੀ ਸਰਟੀਫਿਕੇਟ ਵਿਖਾ ਕੇ ਆਰਮੀ ਵਿੱਚ ਭਰਤੀ ਹੋਣ ਲਈ ਜਲੰਧਰ ਕੈਂਟ ਸਥਿਤ ਭਰਤੀ ਹੈੱਡਕੁਆਰਟਰ ਵਿੱਚ ਆਇਆ ਹੋਇਆ ਸੀ।

ਇਸ ਸੰਬੰਧ ਵਿੱਚ ਥਾਣਾ ਕੈਂਟ ਦੇ ਇੰਚਾਰਜ ਇੰਸਪੈਕਟਰ ਸੁਖਦੇਵ ਸਿੰਘ ਔਲਖ ਨੇ ਦੱਸਿਆ ਕਿ ਨੌਜਵਾਨ ਦੀ ਪਛਾਣ ਪ੍ਰਦੀਪ ਸਿੰਘ ਪੁੱਤਰ ਵਜ਼ੀਰ ਸਿੰਘ ਪਿੰਡ ਕਾਪੜੋ, ਥਾਣਾ ਨਰਨੌਂਦ, ਜ਼ਿਲ੍ਹਾ ਹਿਸਾਰ, ਹਰਿਆਣਾ ਵਜੋਂ ਹੋਈ ਹੈ। ਉਸ ਨੇ ਭਰਤੀ ਦਫਤਰ ਵਿੱਚ ਆ ਕੇ ਜੋ ਸਰਟੀਫਿਕੇਟ ਵਿਖਾਇਆ, ਉਹ ਕਰਣਜੀਤ ਸਿੰਘ ਪੁੱਤਰ ਰੂਪ ਸਿੰਘ ਸੁੰਦਰਨਗਰ ਵਾਰਡ ਨੰਬਰ 17 ਹੁਸ਼ਿਆਰਪੁਰ ਦੇ ਨਾਂਅ ਦਾ ਸੀ ਅਤੇ ਉਸ ਉਤੇ ਲਿਖਿਆ ਸੀ ਕਿ ਉਸ ਨੇ ਗਿਆਨ ਸਾਗਰ ਪਬਲਿਕ ਸਕੂਲ ਸੰਗਰੂਰ ਤੋਂ ਦਸਵੀਂ ਕਲਾਸ ਪਾਸ ਕੀਤੀ ਹੈ। ਫੌਜੀ ਅਧਿਕਾਰੀਆਂ ਦੀ ਜਾਂਚ ਵਿੱਚ ਪ੍ਰਦੀਪ ਦੀ ਸੱਚਾਈ ਸਾਹਮਣੇ ਆ ਗਈ। ਐੱਸ ਐੱਚ ਓ ਸੁਖਦੇਵ ਸਿੰਘ ਔਲਖ ਨੇ ਦੱਸਿਆ ਕਿ ਪ੍ਰਦੀਪ ਦੇ ਖਿਲਾਫ ਥਾਣਾ ਕੈਂਟ ਵਿੱਚ ਕੇਸ ਦਰਜ ਕਰ ਲਿਆ ਗਿਆ ਹੈ। ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਪਟਿਆਲਾ ਦੇ ਆਈ ਜੀ ਰਾਏ ਨੂੰ ਲੱਗਾ ਜੁਰਮਾਨਾ ਹੁਕਮ ਵਾਪਸ




ਚੰਡੀਗੜ੍ਹ, 4 ਦਸੰਬਰ (ਪੋਸਟ ਬਿਊਰੋ)- ਪੰਜਾਬ ਵਿੱਚ ਇੱਕੋ ਅਪਰਾਧਕ ਕੇਸ ਦੀ ਵਾਰ-ਵਾਰ ਜਾਂਚ ਕਰਾਉਣ ਕਾਰਨ ਪਟਿਆਲਾ ਰੇਂਜ ਦੇ ਆਈ ਜੀ ਅਮਰਦੀਪ ਸਿੰਘ ਰਾਏ ਉੱਤੇ ਇੱਕ ਲੱਖ ਰੁਪਏ ਦਾ ਜੁਰਮਾਨਾ ਲਾਉਣ ਦੇ ਆਪਣੇ ਹੁਕਮਾਂ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਵਾਪਸ ਲੈ ਲਿਆ ਹੈ।

ਇਸ ਸੰਬੰਧ ਵਿੱਚ ਕੱਲ੍ਹ ਡੀ ਜੀ ਪੀ ਸੁਰੇਸ਼ ਅਰੋੜਾ ਹਾਈ ਕੋਰਟ ਵਿੱਚ ਪੇਸ਼ ਹੋਏ ਅਤੇ ਉਨ੍ਹਾਂ ਨੇ ਦੱਸਿਆ ਕਿ ਇੱਕ ਹੀ ਕੇਸ ਦੀ ਵਾਰ-ਵਾਰ ਜਾਂਚ ਕਰਨ ਬਾਰੇ ਡੀ ਜੀ ਪੀ ਵੱਲੋਂ 2009 ਵਿੱਚ ਜਾਰੀ ਹੁਕਮਾਂ ਦੀ ਪਾਲਣਾ ਯਕੀਨੀ ਬਣਾਈ ਜਾ ਰਿਹਾ ਹੈ। ਇਸ ਦੌਰਾਨ ਰਾਏ ਉਤੇ ਜੁਰਮਾਨਾ ਲਾਉਣ ਦੇ ਹਾਈ ਕੋਰਟ ਦੇ ਹੁਕਮਾਂ ਖਿਲਾਫ ਸਰਾਕਰ ਵੱਲੋਂ ਦਾਇਰ ਅਰਜ਼ੀ ਦੀ ਸੁਣਵਾਈ ਕਰਦੇ ਹੋਏ ਜਸਟਿਸ ਰਾਮੇਂਦਰ ਜੈਨ ਦੀ ਬੈਂਚ ਨੇ ਆਪਣੇ ਹੁਕਮ ਵਾਪਸ ਲੈ ਲਏ। ਇਸ ਅਰਜ਼ੀ ਵਿੱਚ ਰਾਏ ਨੂੰ ਯੋਗ ਅਧਿਕਾਰੀ ਦੱਸਦੇ ਹੋਏ ਸਰਕਾਰ ਨੇ ਕਿਹਾ ਕਿ ਇਨ੍ਹਾਂ ਹੁਕਮਾਂ ਦਾ ਉਨ੍ਹਾਂ ਦੇ ਸੇਵਾ ਰਿਕਾਰਡ ਉੱਤੇ ਨਕਾਰਾਤਮਕ ਅਸਰ ਹੋਵੇਗਾ। ਵਰਨਣ ਯੋਗ ਹੈ ਕਿ ਮਾਲੇਰਕੋਟਲਾ ਪੁਲਸ ਥਾਣੇ ਵਿੱਚ ਸਾਲ 2016 ਦਰਜ ਹੋਏ ਇੱਕ ਜਾਇਦਾਦੀ ਝਗੜੇ ਵਿੱਚ ਪੁਲਸ ਜਾਂਚ ਪੂਰੀ ਹੋਣ ਪਿੱਛੋਂ ਰਾਏ ਵੱਲੋਂ 27 ਅਗਸਤ 2018 ਨੂੰ ਇਸੇ ਮਾਮਲੇ ਦੀ ਦੋਬਾਰਾ ਜਾਂਚ ਦੇ ਦਿੱਤੇ ਹੁਕਮਾਂ ਨੂੰ ਨਿਯਮਾਂ ਦੀ ਗੰਭੀਰ ਉਲੰਘਣਾ ਮੰਨ ਕੇ ਜਸਟਿਸ ਰਾਮੇਂਦਰ ਜੈਨ ਨੇ ਕਿਹਾ ਸੀ ਕਿ ਅਦਾਲਤ ਨੇ ਇਹ ਜੁਰਮਾਨਾ ਇਸ ਲਈ ਲਾਇਆ ਹੈ ਕਿ ਪੁਲਸ ਅਧਿਕਾਰੀ ਭਵਿੱਖ ਵਿੱਚ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਇੱਕੋ ਕੇਸ ਦੀ ਬੇਵਜ੍ਹਾ ਦੂਸਰੀ ਜਾਂਚ ਨਾ ਕਰਵਾਉਣ। ਜੁਰਮਾਨੇ ਦੀ ਰਕਮ ਰਾਏ ਦੀ ਤਨਖਾਹ ਵਿੱਚੋਂ ਕੱਟਣ ਦੇ ਹੁਕਮ ਜਾਰੀ ਕੀਤੇ ਗਏ ਸਨ।

ਹਾਈ ਕੋਰਟ ਦੇ ਕੋਲ ਇਹ ਕੇਸ ਅਬਦੁਲ ਸ਼ਕੂਰ ਦੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਆਇਆ। ਅਬਦੁਲ ਨੇ ਉਸ ਦੇ ਖਿਲਾਫ ਮਾਲੇਰਕੋਟਲਾ ਵਿੱਚ ਦਰਜ ਹੋਏ ਕੇਸ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ। ਅਬਦੁਲ ਹਾਮਿਦ ਦੀ ਸ਼ਿਕਾਇਤ 'ਤੇ ਅਬਦੁਲ ਸ਼ਕੂਰ ਅਤੇ ਚਾਰ ਹੋਰਨਾਂ ਉਤੇ ਮਾਲੇਰਕੋਟਲਾ ਵਿੱਚ ਕੇਸ ਦਰਜ ਹੋਇਆ ਸੀ।

## ਕੌਨ ਬਨੇਗਾ ਕਰੋੜਪਤੀ ਦਾ ਵਾਇਸ ਮੈਸੇਜ ਆਇਆ, ਖਾਤੇ ਵਿੱਚੋਂ ਇੱਕ ਲੱਖ ਨਿਕਲ ਗਏ

ਅਪਰਾ, 4 ਦਸੰਬਰ (ਪੋਸਟ ਬਿਊਰੋ)- ਨੇੜਲੇ ਪਿੰਡ ਦੀ ਵਸਨੀਕ ਲੜਕੀ ਦੇ ਵਾਟਸਐਪ ਉਤੇ ਲਾਟਰੀ ਦਾ ਮੈਸੇਜ ਭੇਜ ਕੇ ਕੁਝ ਅਣਪਛਾਤੇ ਲੋਕਾਂ ਨੇ ਇੱਕ ਲੱਖ ਰੁਪਏ ਦੀ ਠੱਗੀ ਕਰ ਲਈ ਹੈ। ਮਿਲੀ ਜਾਣਕਾਰੀ ਅਨੁਸਾਰ ਪਹਿਲਾਂ ਲੱਕੀ ਡਰਾਅ ਦਾ ਫੋਨ ਆਇਆ। ਅਗਲੇ ਦਿਨ ਵਧਾਈ ਦਾ ਮੈਸੇਜ ਅਤੇ ਫਿਰ ਅਕਾਊਂਟ ਵਿੱਚੋਂ ਇੱਕ ਲੱਖ ਰੁਪਏ ਦੀ ਠੱਗੀ ਹੋ ਗਈ। ਪੀੜਤ ਲੜਕੀ ਤੇ ਉਸ ਦੀ ਮਾਂ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਵਾਟਸਐਪ ਉਤੇ ਇੱਕ ਵਾਇਸ ਮੈਸੇਜ ਆਇਆ ਕਿ 'ਕੌਨ ਬਨੇਗਾ ਕਰੋੜਪਤੀ' ਤੋਂ ਬੋਲ ਰਹੇ ਹਾਂ ਤੇ ਉਨ੍ਹਾਂ ਕੋਲ ਕੁੱਲ ਪੰਜ ਹਜ਼ਾਰ ਨੰਬਰ ਰਜਿਸਟਰ ਹੋਏ ਹਨ। ਉਨ੍ਹਾਂ ਵਿੱਚ 25 ਨੰਬਰ ਲੱਕੀ ਡਰਾਅ ਲਈ ਚੁਣੇ ਗਏ ਹਨ ਤੇ ਤੁਹਾਡਾ 25 ਲੱਖ ਦਾ ਇਨਾਮ ਨਿਕਲਿਆ ਹੈ। ਜਲਦੀ ਆਪਣਾ ਬੈਂਕ ਅਕਾਊਂਟ ਉਨ੍ਹਾਂ ਨੂੰ ਭੇਜ ਦਿਓ ਤੇ ਮੋਬਾਈਲ ਬੰਦ ਕਰ ਦਿਓ। ਸਵੇਰੇ ਮੋਬਾਈਲ ਆਨ ਕਰਦੇ ਫੋਨ ਉੱਤੇ ਵਧਾਈ ਦਾ ਮੈਸੇਜ ਆਇਆ। ਇਸ ਦੌਰਾਨ ਉਨ੍ਹਾਂ ਨੂੰ ਦੱਸਿਆ ਗਿਆ ਕਿ ਇਹ ਰਾਸ਼ੀ ਤੁਹਾਡੇ ਖਾਤੇ ਵਿੱਚ ਟਰਾਂਸਫਰ ਕਰਨੀ ਹੈ ਅਤੇ ਉਨ੍ਹਾਂ ਦੇ ਦੱਸੇ ਪਤੇ ਉਤੇ 20 ਤੋਂ 30 ਹਜ਼ਾਰ ਰੁਪਏ ਭੇਜਣੇ ਪੈਣਗੇ ਅਤੇ ਤੁਹਾਨੂੰ 25 ਲੱਖ ਰੁਪਏ ਮਿਲ ਜਾਣਗੇ। ਇਨ੍ਹਾਂ ਗੱਲਾਂ ਤੋਂ ਉਨ੍ਹਾਂ ਨੂੰ ਕੁਝ ਸ਼ੱਕ ਪੈਦਾ ਹੋਇਆ, ਪਰ ਤਦ ਤੱਕ ਉਨ੍ਹਾਂ ਦੇ ਖਾਤੇ ਵਿੱਚੋਂ ਇੱਕ ਲੱਖ ਰੁਪਏ ਦੀ ਠੱਗੀ ਹੋ ਚੁੱਕੀ ਸੀ। ਇਸ ਦੇ ਬਾਅਦ ਉਨ੍ਹਾਂ ਨੇ ਪੁਲਸ ਨੂੰ ਸੂਚਿਤ ਕੀਤਾ।

## ਲੈਂਡ ਮਾਫੀਆ ਦੀ ਦਹਿਸ਼ਤ ਦੇ ਮਾਰੇ ਬੰਦੇ ਨੇ ਇੱਛਾ ਮੌਤ ਮੰਗੀ

ਫਾਜ਼ਿਲਕਾ, 4 ਦਸੰਬਰ (ਪੋਸਟ ਬਿਊਰੋ)- ਪਿੰਡ ਰਾਮਕੋਟ ਵਿੱਚ ਪੰਚਾਇਤੀ ਜ਼ਮੀਨ ਅਤੇ ਕਮਿਊਨਿਟੀ ਹਾਲ 'ਤੇ ਕਬਜ਼ਾ ਛੁਡਾਉਣ ਦੀ ਮੰਗ ਲਈ ਸੰਘਰਸ਼ ਕਰ ਰਹੇ ਕਿਸਾਨ ਦਵਿੰਦਰ ਕੁਮਾਰ ਨੇ ਨਾ ਕੇਵਲ ਏ ਡੀ ਸੀ ਨੂੰ ਮੰਗ ਪੱਤਰ ਸੌਂਪਿਆ ਹੈ, ਨਾਲ ਮੰਗਾਂ ਪੂਰੀਆਂ ਨਾ ਹੋਣ ਉਤੇ ਇੱਛਾ ਮੌਤ ਦੀ ਮਨਜ਼ੂਰੀ ਦੇਣ ਦੀ ਗੱਲ ਵੀ ਕਹੀ ਹੈ।

ਦਵਿੰਦਰ ਨੇ ਇਹ ਮੰਗ ਪੱਤਰ ਭਾਰਤ ਸਰਕਾਰ ਤੇ ਰਾਸ਼ਟਰਪਤੀ ਨੂੰ ਵੀ ਭੇਜਿਆ ਹੈ। ਉਸ ਨੇ ਦੱਸਿਆ ਕਿ ਤਿੰਨ ਜੁਲਾਈ 2015 ਤੋਂ ਪਿੰਡ ਰਾਮਕੋਟ ਦੀ ਪੰਚਾਇਤ ਦੀ ਜ਼ਮੀਨ ਉੱਤੇ ਹੋਏ ਨਾਜਾਇਜ਼ ਕਬਜ਼ਿਆਂ ਬਾਰੇ ਵੱਖ-ਵੱਖ ਵਿਭਾਗ ਅਤੇ ਜ਼ਿਲ੍ਹਿਆਂ ਦੇ ਡੀ ਸੀ ਨੂੰ ਮੰਗ ਪੱਤਰ ਸੌਂਪੇ ਗਏ। 17 ਜਨਵਰੀ ਨੂੰ ਇਸੇ ਬਾਰੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਮੰਗ ਪੱਤਰ ਦਿੱਤਾ ਸੀ, ਜਿਸ 'ਤੇ ਕਾਰਵਾਈ ਕਰਦੇ ਹੋਏ ਕੇਵਲ 65 ਲੋਕਾਂ ਉੱਤੇ ਡੀ ਡੀ ਪੀ ਓ ਫਾਜ਼ਿਲਕਾ ਦੀ ਅਦਾਲਤ ਵਿੱਚ ਕੇਸ ਦਾਇਰ ਕੀਤਾ ਗਿਆ। ਡੀ ਡੀ ਪੀ ਓ ਅਤੇ ਬੀ ਡੀ ਪੀ ਓ ਬਲਾਕ ਖੁਈਆਂ ਸਰਵਰ ਨੂੰ ਪਿੰਡ ਵਿੱਚ ਵੱਖ-ਵੱਖ ਥਾਈਂ ਹੋਏ ਕਬਜ਼ੇ ਦੀ ਕਾਪੀ ਦਿੱਤੀ ਹੈ, ਪ੍ਰੰਤੂ ਕਬਜ਼ੇ ਕਰਨ ਵਾਲਿਆਂ 'ਤੇ ਕਾਰਵਾਈ ਨਹੀਂ ਹੋਈ। 16 ਜੁਲਾਈ ਨੂੰ ਕਮਾਲਵਾਲਾ ਮਾਈਨਰ ਦੇ ਪਾਣੀ ਦੀ ਮੰਗ ਬਾਰੇ ਡੀ ਸੀ ਦਫਤਰ ਅੱਗੇ ਧਰਨਾ ਦਿੱਤਾ। ਐੱਸ ਡੀ ਐੱਮ ਨੇ ਭਰੋਸਾ ਦਿੱਤਾ ਕਿ ਜਲਦੀ ਹੀ ਕਮਾਲਵਾਲਾ ਮਾਈਨਰ ਵਿੱਚ ਪਾਣੀ ਪਹੁੰਚ ਜਾਏਗਾ, ਪ੍ਰੰਤੂ ਅਜੇ ਤੱਕ ਪਾਣੀ ਨਹੀਂ ਪਹੁੰਚਿਆ। ਨੱਬੇ ਫੀਸਦੀ ਫਸਲ ਖਰਾਬ ਹੋ ਗਈ ਹੈ।


**Machine Operators Required**

ਇਸ ਐਂਟਰੀ ਲੈਵਲ ਜੌਬ ਨਾਲ ਆਪਣੀ ਟੈਕਨੀਕਲ ਮੁਹਾਰਤ ਵਿੱਚ ਵਾਧਾ ਕਰੋ ਅਤੇ ਇਸ ਕੰਮ ਦਾ ਤਜ਼ਰਬਾ ਪ੍ਰਾਪਤ ਕਰੋ।

- ਕਿਸੇ ਕਿਸਮ ਦੇ ਪਹਿਲੇ ਤਜ਼ਰਬੇ ਦੀ ਲੋੜ ਨਹੀਂ
- ਅਸੀਂ ਤੁਹਾਨੂੰ ਪੂਰੀ ਟਰੇਨਿੰਗ ਦਿਆਂਗੇ
- ਪੱਕੇ ਘੰਟੀਆਂ ਵਾਲਾ ਪੱਕਾ ਕੰਮ

**Duties & Responsibilities**

- Assemble, load and unload production parts
- lifting up to 20 lbs
- Operate on 2-3 CNC machines at one time.
